# ਅੰਮ੍ਰਿਤ ਕੀਰਤਨ



ੴ

ਅਕਤੂਬਰ 2000

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 10 • ਸਾਲ ਬਾਰ੍ਹਵਾਂ • ਅਕਤੂਬਰ 2000



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**



2 **ਮਿਤ੍ਰ ਅਸਾਡੜੇ ਸੇਈ**

4 **Gur Shabad Kirtan**

5 **ਕਰਉ ਬੇਨੰਤੀਆ**

6 **ਲੋਕ-ਸੰਗੀਤ ਅਤੇ ਕਾਵਿ-ਰੂਪ**
ਸੋਹਿੰਦਰ ਸਿੰਘ ਵਣਜਾਰਾ ਬੇਦੀ

12 **ਮੁਸਲਮਾਨ ਰਬਾਬੀ ਤੇ ਗੈਰਸਿੱਖ ਕੀਰਤਨਕਾਰ**
ਸੋਹਣ ਸਿੰਘ

17 **ਸਫਲ ਜੀਵਨ**
ਡਾ. ਸੁਰਜੀਤ ਸਿੰਘ 'ਕੁੰਜਾਹੀ'

19 **ਤਿਨ ਮਹਿ ਰਾਮ ਰਹਿਆ ਭਰਪੂਰ**
ਪ੍ਰੋ. ਬਲਵਿੰਦਰ ਸਿੰਘ

21 **ਰਬਾਬੀ ਮਰਦਾਨਾ**
ਕਰਤਾਰ ਸਿੰਘ ਨੀਲਧਾਰੀ

24 **ਸ਼ਬਦਾਂ ਦਾ ਕੰਪੋਜ਼ਰ-ਸੰਗੀਤਕਾਰ ਮੁਹਿੰਦਰਜੀਤ ਸਿੰਘ**
ਪ੍ਰੋ. ਗੁਰਮੁਖ ਸਿੰਘ ਸਹਿਗਲ

26 **ਪੁਸਤਕ ਸਮੀਖਿਆ**
ਡਾ. ਗੁਰਮੀਤ ਸਿੰਘ ਬੈਦਵਾਣ

27 **Amritvela Vadiai Vichar**
Bhagawant Singh Dalawari

29 **ਆਉ ਤਬਲਾ ਸਿੱਖੀਏ**
ਭਾਈ ਗੁਰਜੰਤ ਸਿੰਘ 'ਰਾਹੀ'

33 **ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ**
ਮਨਮੋਹਨ ਸਿੰਘ

35 **ਸੁਰ-ਲਿਪੀਆਂ**
ਪ੍ਰੋ. ਤਾਰਾ ਸਿੰਘ


ਕਵਰ ਚਿੱਤਰ : ਰਾਗ ਆਸਾ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1992 ਸਿਮ੍ਰਿਤੀ ਗ੍ਰੰਥ ਵਿੱਚੋਂ ਧੰਨਵਾਦ ਸਹਿਤ


'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■

Donations are eligible for relief u/s 80 G of Income-Tax Act, 1961 vide CIT/ CHD/80-G/78/Tech. Dated 30-7-1999 valid upto 31-3-2001



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ,
ਚੰਡੀਗੜ੍ਹ 160 022
ਫੋਨ :
0172-701396, 713915
E-mail:
drjagirsingh@mailjol.com



ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ*
6000 ਰੁਪਏ
*ਕਵਰ ਦੇ ਅੰਦਰਲੇ ਪੰਨੇ*
4000 ਰੁਪਏ
*ਸਾਧਾਰਨ ਪੂਰਾ ਪੰਨਾ*
2000 ਰੁਪਏ



ਚੰਦੇ ਦਾ ਵੇਰਵਾ :

ਦੇਸ਼ • ਇਕ ਕਾਪੀ 15 ਰੁ. • ਸਲਾਨਾ 150 ਰੁ. • ਜੀਵਨ ਮੈਂਬਰ (15 ਸਾਲ) 1500 ਰੁ

ਵਿਦੇਸ਼ • ਸਲਾਨਾ 30 $ • ਜੀਵਨ ਮੈਂਬਰ (15 ਸਾਲ) 300 $

■

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

■



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
*sohal specials*
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ ਆਪ ਜੀ ਵੱਲੋਂ ਪ੍ਰਕਾਸ਼ਤ ਅਤੇ ਭੇਜਿਆ ਜਾਂਦਾ ਮੈਗਜ਼ੀਨ 'ਅੰਮ੍ਰਿਤ ਕੀਰਤਨ' ਪੜ੍ਹ ਕੇ ਗੁਰਬਾਣੀ ਅਤੇ ਆਪਣੇ ਵਿਰਸੇ ਤੋਂ ਜਾਣੂ ਰਹਿਣ ਦੀ ਨਿਰੰਤਰ ਪ੍ਰੇਰਨਾ ਮਿਲਦੀ ਹੈ। ਵਾਹਿਗੁਰੂ ਆਪ ਜੀ ਨੂੰ ਹੋਰ ਅਜਿਹੀ ਸੇਵਾ ਕਰਨ ਦਾ ਬਲ ਉੱਦਮ ਬਖਸ਼ਿਸ਼ ਕਰੇ।

ਮੈਂ ਸ੍ਰ. ਸੁਜਾਨ ਸਿੰਘ ਜੀ ਦਾ ਅਗਸਤ 2000 ਅੰਕ ਦੇ ਪੰਨਾ 32 ਤੇ ਛਪਿਆ ਲੇਖ 'Kirtan in Gurudwara' ਪੜ੍ਹਿਆ ਤਾਂ ਮੇਰੇ ਮਨ ਵਿੱਚ ਕੁਝ ਸਵਾਲ ਖੜ੍ਹੇ ਹੋਏ ਜਿਸ ਦਾ ਵਿਵਰਣ ਮੈਂ ਹੇਠਾਂ ਲਿਖ ਰਿਹਾ ਹਾਂ। ਇਸ ਨੂੰ ਪੱਤਰ ਦੇ ਰੂਪ ਵਿੱਚ ਜਾਂ ਲੇਖ ਦੇ ਰੂਪ ਵਿੱਚ ਜਿਵੇਂ ਆਪ ਯੋਗ ਸਮਝੋ ਪ੍ਰਕਾਸ਼ਿਤ ਕਰਨਾ ਜੀ।

"ਸ੍ਰ. ਸੁਜਾਨ ਸਿੰਘ ਜੀ ਦਾ ਲੇਖ 'Kirtan in Gurudwara' ਪੜ੍ਹਿਆ ਅਤੇ ਕੁਝ ਹੈਰਾਨੀ ਹੋਈ ਕਿ ਉਨ੍ਹਾਂ ਦਾ ਕਹਿਣ ਦਾ ਮੁੱਦਾ ਕੀ ਹੈ? ਉਹਨਾਂ ਵਲੋਂ ਦਰਸਾਇਆ ਵਿਵਾਦ ਆਮ ਪ੍ਰਚਲਤ ਵੀ ਨਹੀਂ ਹੈ ਅਤੇ ਉਨ੍ਹਾਂ ਨੇ ਉਸਦੇ ਵੇਰਵੇ ਵੀ ਖੁਦ ਹੀ ਦੱਸੇ ਹਨ। ਫਿਰ ਵੀ ਇਸ ਵਿਵਾਦ ਸਬੰਧੀ ਮੈਂ ਸ੍ਰ. ਸੁਜਾਨ ਸਿੰਘ ਜੀ ਦੀਆਂ ਕੁਝ ਉਦਾਹਰਨਾਂ ਦੇ ਕੇ ਤੱਥਾਂ ਨੂੰ ਅੱਖੋਂ ਪਰੋਖੇ ਕਰਨ ਦੇ ਢੰਗ ਨਾਲ ਸਹਿਮਤ ਨਹੀਂ ਹਾਂ। ਉਨ੍ਹਾਂ ਨੇ ਭਾਈ ਮਰਦਾਨਾ ਅਤੇ ਮੁਸਲਿਮ ਸੰਤ ਮੀਆਂ ਮੀਰ ਦੀ ਉਦਾਹਰਨ ਦਿੱਤੀ ਹੈ। ਉਹ ਰੱਬੀ ਰੂਪ ਸਨ ਅਤੇ ਉਹਨ੍ਹਾਂ ਦੀ ਤੁਲਨਾ ਅੱਜ ਕੱਲ ਦੇ ਮੁਸਲਿਮ ਜਾਂ ਸਹਿਜਧਾਰੀ ਕੀਰਤਨੀ ਜਥਿਆਂ ਨਾਲ ਨਹੀਂ ਕੀਤੀ ਜਾ ਸਕਦੀ। ਉਹਨਾਂ ਨੇ ਤਾਂ ਰੱਬ ਵਲੋਂ ਬਖਸ਼ਿਆ ਆਪਣਾ ਸਰੂਪ ਵੀ ਨਹੀਂ ਬਦਲਿਆ ਸੀ। ਅੱਜ ਕਲ੍ਹ ਜ਼ਿਆਦਾਤਰ ਕੀਰਤਨ ਨੂੰ ਰੁਜ਼ਗਾਰ ਦਾ ਸਾਧਨ ਬਣਾਇਆ ਜਾ ਰਿਹਾ ਹੈ। ਉਸ ਵਿੱਚ ਨਿਸ਼ਕਾਮਤਾ ਨਹੀਂ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਲਾਏ ਸਿੱਖੀ ਦੇ ਬੂਟੇ ਨੂੰ ਸਮੇਂ ਸਮੇਂ ਹੋਈਆਂ ਸਮਾਜਿਕ ਤਬਦੀਲੀਆਂ ਨੂੰ ਦੇਖਦੇ ਹੋਏ ਅੱਠ ਹੋਰ ਗੁਰੂਆਂ ਨੇ ਸਿੰਜਿਆਂ ਅਤੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਰੇ ਪ੍ਰੀਵਾਰ ਦਾ ਲਹੂ ਦੇ ਕੇ ਇਸ ਨੂੰ 'ਖਾਲਸੇ' ਦਾ ਰੂਪ ਦਿੱਤਾ। ਸ੍ਰ. ਸੁਜਾਨ ਸਿੰਘ ਜੀ ਦੇ ਵਿਚਾਰ ਚੰਗੇ ਤਾਂ ਹਨ ਪਰ ਅੱਜਕਲ੍ਹ ਜੋ ਸਿੱਖੀ ਨੂੰ ਢਾਹ ਲੱਗ ਰਹੀ ਹੈ ਉਸ ਦੇ ਲਈ ਹੌਸਲਾ ਅਫਜਾਊ ਨਹੀਂ। ਆਰ. ਐਸ. ਐਸ., ਰਾਧਾ ਸਵਾਮੀ, ਨਿਰੰਕਾਰੀ ਅਤੇ ਹੋਰ ਅਨੇਕਾਂ ਸੰਸਥਾਵਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਥਨਾਂ ਦਾ ਪ੍ਰਚਾਰ ਤੋੜ ਮਰੋੜ ਕੇ ਪੇਸ਼ ਕਰਦੇ ਹੋਏ ਜਾਂ ਨਿੰਦਿਆ ਦਾ ਸਾਹਾਰਾ ਲੈਂਦੇ ਹੋਏ ਗੁਰਸਿੱਖੀ ਦਾ ਘਾਣ ਕਰ ਰਹੀਆਂ ਹਨ ਤਾਂ ਕੀ ਗੁਰਦੁਆਰਿਆਂ ਵਿੱਚ ਸਹਿਜਧਾਰੀ ਜਾਂ ਮੁਸਲਿਮ ਕੀਰਤਨੀਆਂ ਦਾ ਕੀਰਤਨ ਸਾਡਾ ਕੁਝ ਸੰਵਾਰ ਸਕੇਗਾ? ਸਾਨੂੰ ਤਾਂ ਲੋੜ ਹੈ ਭਾਈ ਜਸਬੀਰ ਸਿੰਘ ਜੀ ਖਾਲਸਾ (ਖੰਨੇ ਵਾਲੇ), ਡਾ. ਜਾਗੀਰ ਸਿੰਘ ਜੀ ਚੰਡੀਗੜ੍ਹ, ਭਾਈ ਗੁਰਇਕਬਾਲ ਸਿੰਘ ਜੀ ਵਰਗੇ ਨਿਸ਼ਕਾਮ ਕੀਰਤਨੀਆਂ ਦੀ ਜੋ ਕੀਰਤਨ ਦੇ ਨਾਲ ਨਾਲ ਸਾਡੇ ਸਿੱਖੀ ਸਰੂਪ ਦੀ ਵੀ ਰਾਖੀ ਕਰਨ। ਸਾਨੂੰ ਕੰਨ-ਰੱਸ ਦੀ ਲੋੜ ਤਾਂ ਹੈ ਨਾਲ ਹੀ ਸਾਨੂੰ ਅਜਿਹੇ ਨਾਮ ਰਸ ਦੀ ਵੀ ਲੋੜ ਹੈ ਜੋ ਸਾਨੂੰ ਸਾਡੇ ਵਿਰਸੇ ਤੋਂ ਵੀ ਜਾਣੂ ਕਰਵਾਏ। ਅੱਜ ਘਰ-ਘਰ ਅੰਦਰ ਪਤਿਤਤਾ ਦੀਆਂ ਨਦੀਆਂ ਤੇ ਦਰਿਆ ਵਹਿ ਰਹੇ ਹਨ। ਸਾਨੂੰ ਲੋੜ ਹੈ ਅਜਿਹੇ ਕੀਰਤਨ ਦੀ ਜੋ ਇਸ ਨੂੰ ਠੱਲ ਪਾ ਸਕੇ। ਸਾਡੀਆਂ ਸ਼੍ਰੋਮਣੀ ਸੰਸਥਾਵਾਂ ਅਤੇ ਸਤਿਕਾਰਤ ਇਸ਼ਤਿਹਾਰੀ ਸੰਤ ਮਹਾਂਪੁਰਸ਼ ਇਸ ਪਾਸੇ ਬੁਰੀ ਤਰ੍ਹਾਂ ਫੇਲ੍ਹ ਹੋਏ ਹਨ ਅਤੇ ਦੋਸਤ ਰਿਸ਼ਤੇਦਾਰ ਛੋਟੇ ਛੋਟੇ ਪ੍ਰੀਵਾਰ ਹੋਣ ਕਾਰਨ ਮਜਬੂਰ ਹਨ ਆਪਣੇ ਬੱਚਿਆਂ ਦੀ ਭਟਕਣਾ ਤੋਂ, ਲਾਚਾਰ ਹਨ ਕਿ ਉਹਨਾਂ ਨੂੰ ਸਮਝਾ ਸਕਣ। ਉਹਨਾਂ ਦੇ ਮਨਾਂ ਨੂੰ ਕਦੋਂ ਠੰਡ ਪਹੁੰਚੇਗੀ ਕਿ ਉਹਨਾਂ ਦੇ ਬੱਚੇ ਸਿੱਖੀ ਸਰੂਪ ਵਿੱਚ ਕਾਇਮ ਰਹਿਣ ਅਤੇ ਇਹ ਠੰਡ ਪਹੁੰਚਾਣ ਵਿੱਚ ਕੌਣ ਸਹਾਈ ਹੋਵੇਗਾ? ਸਿਰਫ ਤੇ ਸਿਰਫ ਗੁਰਬਾਣੀ ਜੱਸ ਚਾਹੇ ਕਿਸੀ ਰੂਪ ਵਿੱਚ ਹੋਵੇ। ਮੈਂ ਸਹਿਜਧਾਰੀ ਜਾਂ ਮੁਸਲਿਮ ਕੀਰਤਨੀਆਂ ਦੇ ਵਿਰੁੱਧ ਨਹੀਂ ਹਾਂ। ਉਹ ਸਾਡੇ ਸਤਿਕਾਰਤ ਸਮਾਜਿਕ ਭਾਈਚਾਰਕ ਹਨ ਪਰ ਸਾਡਾ ਗੁਰਸਿੱਖੀ ਵਿਰਸਾ ਉਹਨਾਂ ਦੇ ਨਾਮ ਸਿਮਰਨ, ਰੱਬੀ ਹੋਂਦ ਅਤੇ ਇਨਸਾਨੀ ਭਾਈਚਾਰੇ ਦੇ ਪ੍ਰਚਾਰ ਨਾਲ ਤਾਂ ਸਹਿਮਤ ਹੋ ਸਕਦਾ ਹੈ, ਸਾਨੂੰ ਸਾਡੇ ਸਿੱਖੀ ਸਰੂਪ ਦੇ ਵਿਰਸੇ ਨੂੰ ਬਚਾਉਣ ਲਈ ਸਹਾਈ ਨਹੀਂ ਹੋ ਸਕਦਾ। ਸਾਨੂੰ ਸਾਡੇ ਵਿਰਸੇ ਤੋਂ ਕੌਣ ਜਾਣੂ ਕਰਵਾਏਗਾ? ਅੱਜਕਲ੍ਹ ਸਭ ਤੋਂ ਵੱਧ ਪ੍ਰਚੱਲਤ ਸਵਾਲ ਇਹੀ ਹੈ? ਇਸ ਦਾ ਹੱਲ ਕੌਣ ਢੂੰਢੇਗਾ?"

*ਸੁਰਜੀਤ ਸਿੰਘ ਕੋਹਲੀ*

317-18, ਸੁਨਾਮੀ ਗੇਟ, ਸੰਗਰੂਰ

★ 'ਅੰਮ੍ਰਿਤ ਕੀਰਤਨ' ਪੜ ਕੇ ਬਹੁਤ ਆਤਮਕਿ ਪ੍ਰਸੰਨਤਾ ਹੋਈ। ਵਿਸੇਸ਼ ਕਰ ਭਗਵੰਤ ਸਿੰਘ ਦਲਾਵਰੀ ਜੀ ਦਾ ਲੇਖ "ਅਰਦਾਸ ਕੇਵਲ ਨਾਮ ਲਈ ਕਰੀਏ" ਬਹੁਤ ਹੀ ਅੱਛਾ ਲੱਗਿਆ। 'ਅੰਮ੍ਰਿਤ ਕੀਤਰਨ' ਪਤ੍ਰਿਕਾ ਸਦਾ ਚੜ੍ਹਦੀ ਕਲਾ ਵਿੱਚ ਰਹੇ। ਅਸੀਂ ਇਹੀ ਗੁਰੂ

ਮਹਾਰਾਜ ਅੱਗੇ ਅਰਦਾਸ ਕਰਦੇ ਹਾਂ।

*ਰਣਧੀਰ ਸਿੰਘ 'ਖਾਲਸਾ'*

88, ਗੋਬਿੰਦ ਨਗਰ, ਚਿੱਤਕੋਹਵਾ, ਪਟਨਾ 2 (ਬਿਹਾਰ)

★ ਤੁਹਾਡੇ ਵਲੋਂ ਅਗਸਤ 2000 ਦਾ 'ਅੰਮ੍ਰਿਤ ਕੀਰਤਨ' ਮਿਲਿਆ। ਅੱਗੇ ਨਾਲੋਂ ਦਿੱਖ ਚੰਗੀ ਹੈ। ਟਾਈਟਲ ਪਹਿਲੇ ਨਾਲੋਂ improved ਹੈ, ਪਰ ਇੱਕ ਗੱਲ ਦਾਸ ਮੈਗਜ਼ੀਨ ਕਨਸੈਲਟੈਂਟ ਵਜੋਂ ਲਿਖ ਰਿਹਾ ਹੈ ਕਿ ਟਾਈਟਲ ਪੇਜ ਉੱਪਰ ਕਦੇ ਵੀ ਸੰਪਾਦਕ ਦਾ ਨਾਮ ਨਹੀਂ ਛਾਪਿਆ ਜਾਂਦਾ। ਪਹਿਲੇ ਸਫੇ ਉੱਪਰ ਜਿਵੇਂ ਆਪ ਨੇ ਬਾਕੀ ਸੰਪਾਦਕੀ ਮੰਡਲ ਨਾਲ ਲਿਖਿਆ ਹੈ। ਉਹੀ ਯੋਗ ਹੈ। ਕੇਵਲ ਏਥੇ ਆਪਣਾ ਨਾਮ ਪਹਿਲੇ ਕਰ ਦਿਉ। ਡਾਕਟਰ ਗੁਰਮੀਤ ਸਿੰਘ ਦਾ ਬਾਅਦ ਵਿੱਚ ਤੇ ਸਹਿਯੋਗੀਆਂ ਦਾ ਆਖਿਰ ਵਿੱਚ।

ਦੂਸਰੇ ਤੁਸੀਂ ਬੜਾ ਚੰਗਾ ਕਰਦੇ ਹੋ ਜਿਹੜਾ ਲੇਖਕਾਂ ਦੇ ਪਤੇ ਲਿਖ ਦੇਂਦੇ ਹੋ। ਇਸ ਨਾਲ ਪਾਠਕ ਉਨ੍ਹਾਂ ਨਾਲ ਸਿੱਧੇ ਸੰਬੰਧ ਕਾਇਮ ਕਰ ਸਕਦੇ ਹਨ। ਪਰ ਜ਼ਾਤਪਾਤ ਲਿਖਣੀ ਬਿਲਕੁਲ ਬੰਦ ਕਰਨ ਦੀ ਖੇਚਲ ਕਰੋ, ਤੁਸੀਂ ਆਪਣੀ ਜਾਤ ਨਹੀਂ ਲਿਖਦੇ ਕਿਉਂਕਿ ਆਪ ਨੂੰ ਪਤਾ ਹੈ ਕਿ ਜ਼ਾਤਪਾਤ ਗੁਰਮਤਿ ਦੇ ਵਿਰੁੱਧ ਹੈ, ਤਾਂ ਫਿਰ ਦੂਜਿਆਂ ਦੀ ਜ਼ਾਤਪਾਤ ਲਿਖ ਕੇ ਗੁਰੂ ਦੀ ਅਵਗਿਆ ਦੇ ਪਾਤਰ ਕਿਉਂ ਬਣਦੇ ਹੋ।

ਆਸ ਹੈ ਕਿ ਆਪ ਇਸ ਵੱਲ ਧਿਆਨ ਦਿਉਗੇ।

*ਕੁਲਦੀਪ ਸਿੰਘ*

89-40, ਗਲੀ ਨੰ: 118, ਰਿਚਮੰਡ ਹਿਲ,

ਨਿਊਯਾਰਕ 11418 (ਯੂ.ਐਸ.ਏ.)

★ ਜੂਨ ਜੁਲਾਈ ਤੇ ਅਗਸਤ 2000 ਦਾ 'ਅੰਮ੍ਰਿਤ ਕੀਰਤਨ' ਦੇ ਤਿੰਨੇ ਅੰਕ ਮਿਲ ਗਏ ਹਨ। ਵੇਖ ਕੇ ਮਨ ਪ੍ਰਸੰਨ ਹੋਇਆ। ਪੜ੍ਹ ਕੇ ਅਨੰਦ ਦੀ ਪ੍ਰਾਪਤੀ ਹੋਈ। ਤੁਹਾਡੀ ਲਗਨ ਮਿਹਨਤ ਸਦਕਾ 'ਅੰਮ੍ਰਿਤ ਕੀਰਤਨ' ਵਿੱਚ ਨਿਖਾਰ ਆਇਆ ਹੈ। ਕਰਉ ਬੇਨੰਤੀਆ 'ਜਿਨਾ ਖਾਧੀ ਚੋਪੜੀ' ਇੱਕ ਸੁਨੇਹਾ ਦਿੰਦੀ ਹੈ। ਭਗਵੰਤ ਸਿੰਘ ਦਲਾਵਰੀ ਦਾ ਲੇਖ ਅਤੇ 'ਗੁਰੂ ਨਾਨਕ ਜੀ ਦਾ ਫਰਿੰਦੇ ਤੋਂ ਰਬਾਬ ਮੰਗਵਾਉਣਾ' ਸੁਰ ਲਿਪੀਆਂ ਆਦਿ ਦਾ ਸਾਰਾ ਮੈਟਰ ਆਪਣੀ ਜਗ੍ਹਾ ਤੇ ਵਿਲੱਖਣ ਹੈ। ਅਰਦਾਸ ਕਰਦੇ ਹਾਂ, ਪ੍ਰਮਾਤਮਾ ਆਪ ਨੂੰ ਹੋਰ ਬਲ ਬੁੱਧੀ ਸੇਵਾ ਭਾਵ ਪ੍ਰਦਾਨ ਕਰੇ।

*ਗੁਰਜੰਤ ਸਿੰਘ ਰਾਹੀ*

ਪ੍ਰਿੰ. ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ

★ ਸਤੰਬਰ ਅੰਕ ਬੇਹੱਦ ਪਸੰਦ ਆਇਆ। ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ 'ਅਸਥਾਈ' ਅਤੇ ਡਾ. ਜਾਗੀਰ ਸਿੰਘ ਦੇ 'ਮੇਰੇ ਕੀਰਤਨ ਕੈਸਟ ਕਾਰਨਾਮੇ' ਵਿੱਚ ਬਹੁਤ ਵਧੀਆ ਤਹਰੀਰ ਸੀ। 'ਅਰਦਾਸ ਕੇਵਲ ਨਾਮ ਲਈ ਕਰੀਏ' ਲੇਖ ਵਲੋਂ ਭਗਵੰਤ ਸਿੰਘ ਦਿਲਾਵਰੀ 'ਮੇਰੇ ਰਾਮ ਹਉ ਸੋ ਥਾਨ ਭਾਲਣ' ਆਦਿ ਲੇਖ ਵਲੋਂ ਰਮੇਸ਼ ਸਿੰਘ 'ਅਨੰਦ ਕਾਰਜ' ਬਾਰੇ ਲੇਖ, ਕਰਤਾਰ ਸਿੰਘ ਨੀਲਧਾਰੀ 'ਆਓ ਤਬਲਾ ਸਿੱਖੀਏ' ਲੇਖ ਵੱਲੋਂ ਗੁਰਜੰਤ ਸਿੰਘ ਰਾਹੀ ਬਹੁਤ ਹੀ ਖੋਜ ਭਰਪੂਰ ਲੇਖ ਸੀ। ਭਾਈ ਇਕਬਾਲ ਸਾਬਰ ਰਾਗੀ ਬਾਰੇ ਵਲੋਂ, ਹਰਭਜਨ ਸਿੰਘ ਚੋਪੜਾ 'ਕੈਸਟ ਸਮੀਖਿਆ' ਪ੍ਰੋ. ਪਰਮਜੋਤ ਸਿੰਘ ਦੀ ਕੈਸਟ ਬਾਰੇ ਉੱਤਮ ਸਿੰਘ ਵਲੋਂ, ਡਾ. ਗੁਰਮੀਤ ਸਿੰਘ ਬੈਦਵਾਣ ਵਲੋਂ 'ਪੁਸਤਕ ਸਮੀਖਿਆ' ਅਤੇ ਰਾਗਾਂ ਬਾਰੇ ਜਾਣਕਾਰੀ ਕਾਬਲੇ ਤਾਰੀਫ ਸੀ।

*ਮੰਗਤ ਸਿੰਘ ਮਸਤਾਨਾ*

C/o ਅਸ਼ੋਕ ਰਿਫਰੈਸ਼ਮੈਂਟ, ਮੰਡੀ ਹਰਜੀ ਰਾਮ, ਮਲੋਟ

★ ਆਪ ਮਹਾਨ ਹੋ ਜੋ ਸਿੱਖ ਜਗਤ ਦੀ ਬਗੀਚੀ ਨੂੰ 'ਅੰਮ੍ਰਿਤ ਕੀਰਤਨ' ਰਾਹੀਂ ਸਿੰਚਣ ਲਈ ਲਗਾਤਾਰ ਯਤਨਸ਼ੀਲ ਹੋ। 'ਅੰਮ੍ਰਿਤ ਕੀਰਤਨ' ਰਾਹੀਂ ਗੁਰਮਤਿ ਅਤੇ ਗੁਰੂ ਕੀਰਤਨ ਦੇ ਲੰਗਰ ਵਰਤਾ ਰਹੇ ਹੋ। 'ਅੰਮ੍ਰਿਤ ਕੀਰਤਨ' ਦੀ ਦਿੱਖ, ਮੈਟਰ ਤੇ ਕਾਗਜ਼ ਬੜਾ ਪਿਆਰਾ ਹੈ। ਸਤੰਬਰ 2000 ਅੰਕ ਵਿੱਚ 'ਅਰਦਾਸ ਕੇਵਲ ਨਾਮ ਲਈ ਕਰੀਏ' ਬਹੁਤ ਚੰਗਾ ਲੱਗਾ। ਅੰਗਰੇਜ਼ੀ ਦੇ ਲੇਖਾਂ ਨੇ ਵੀ ਮੈਨੂੰ ਪ੍ਰਭਾਵਿਤ ਕੀਤਾ ਹੈ।

*ਹਰਨਾਮ ਸਿੰਘ ਜਾਚਕ*

ਸਿੱਬਲ ਕੈਂਪ, ਜੰਮੂ

★ ਸਤੰਬਰ ਮਹੀਨੇ ਦਾ ਅੰਕ ਬਹੁਤ ਹੀ ਖੋਜ ਭਰਪੂਰ ਸੀ। ਪਾਠਕਾਂ ਦੇ ਪੱਤਰ 'ਕਰਉ ਬੇਨੰਤੀਆ' ਡਾ. ਜਾਗੀਰ ਸਿੰਘ ਜੀ, ਅਰਦਾਸ ਬਾਰੇ ਲੇਖ ਭਗਵੰਤ ਸਿੰਘ ਦਿਲਾਵਰੀ 'ਆਉ ਤਬਲਾ ਸਿੱਖੀਏ', ਭਾਈ ਗੁਰਜੰਤ ਸਿੰਘ ਰਾਹੀ, ਰਾਗੀ ਇਕਬਾਲ ਸਿੰਘ ਸਾਬਰ ਦੀ ਇੰਟਰਵਿਊ ਵਲੋਂ ਪ੍ਰੋ. ਹਰਭਜਨ ਸਿੰਘ ਚੋਪੜਾ 'ਕੈਸਟ ਸਮੀਖਿਆ' ਵਲੋਂ ਉੱਤਰ ਸਿੰਘ ਆਦਿ ਕਾਬਿਲੇ ਤਾਰੀਫ ਸਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਡਿਪਲੋਮਾ ਇਨ ਗੁਰਮਤਿ ਸੰਗੀਤ ਬਾਰੇ ਵੀ ਜਾਣਕਾਰੀ ਦਿੰਦੇ ਰਿਹਾ ਕਰੋ।

*ਪ੍ਰੋ. ਐਮ. ਐੱਸ. ਸਚਦੇਵਾ*

ਮਲੋਟ

# Gur Shabad Kirtan

(First time in the Sikh history and the World of Music)

A pious, trend-setting and epoch-making effort constituting digital recording of 62 Ragas (31 main and 31 Raaga forms) of **Holy Sri Guru Granth Sahib** in a compact form, composed and recited according to the original Sikh musicological system (Gurmat Sangeet Tradition) with string instruments (Tanti Saaz)

To highlight, further and foster a much-comprehensive and unique Raaga tradition of the Gurmat Sangeet. Dr. Gurnam Singh, Head Dept. of Music, Punjabi University, Patiala took up the task of composing and reciting Gurbani in its 62 Raagas (31 main and 31 Raaga forms) in keeping with the originality of the Gurmat Sangeet Tradition. Acknowledged as one of the perfect exponents of Gur Shabad singing style. Dr. Gurnam Singh's steadiness in rendition of Shabad and Swaras is truly remarkable. The essential attribute of his singing of difficult and complicated raagas.

The World of Music has been dreaming of someone to accept the challenges of filling the vacuum the existed in the absence of recital of Raagas embodying Sri Guru Granth Sahib as they were conceived by the Sikh Gurus in their original, true and authentic form. The situation saw Dr. Gurnam Singh, who represents a unique blend of academic and professional excellence in its true form. succeeding in cornering glory of reciting these raagas. but not before making strenuous efforts in spotting a team of experts guiding his own expertise in the field of Sikh religious music.

The H.M.V. Co. gladly takes the pleasure of presenting, and in the process globalising, this stupendous gift in shape of ten cassettes with the objective of travelling hand-in-hand with the humanity on the way to its salvation.

Dr. Gurnam Singh belongs to a traditionally-rich family engaged in reciting *Gur Shabad Kirtan*. Music came to him as a lap, with his father Shiromani Raagi Bhai Uttam Singh 'Patang' and elder brothers. Shriomani Raagi Dr. Jagir Singh (Amrit Kirtan) and Dr. Bachittar Singh rocking him to develop into a precocious child to recite Gurubani Kirtan. Gurmat Sangeetacharya Prof. Tara Singh trained him systematically in Music and Gurmat Sangeet while Padam Shri Ustad Sohan Singh, Shri C.M. Dhawan (USA) of Agra Gharana. Ustaad Bakur Hussain of Patiala Gharana, Principal S.S. Kareer provided further refinement to his rendition recital climaxing him into a prodigy in the field of Music.

Dr. Gurnam Singh provided academic hue to the Sikh Musicology by recording various dimensions of Raagas. Raaga and forms of Sri Guru Granth Sahib drawing them from various available sources and combining them into a classic work **Adi Garnth: Raaga Kosh** in 1983. Followed in up by obtaining a degree of doctorate on **A Musicological Study of Guru Nanak Bani.** Dr. Singh has authored and edited 10 and 26 books, respectively besides translating one book and writing 26 research papers. He has four audio and two video cassettes to his credit comprising unique vocal music compositions.

He played a pivotal role in getting the subject of Gurmat Sangeet introduced at Punjabi University, Patiala and Guru Nanak Dev University, Amritsar besides the starting of a Course *Diploma in Gurmat Sangeet* at Punjabi University, Patiala.

**PAGE SPONSORED BY : AHUJA FAMILY**

C-353, Defence Colony New Delhi 110 024

# ਕਰਉ ਬੇਨੰਤੀਆ

ਇੱਕ ਸਮਾਗਮ ਵਿੱਚ ਮੇਰਾ ਕੀਰਤਨ ਸੀ। ਕੀਰਤਨ ਚੰਗਾ ਹੋਇਆ। ਮੇਰੇ ਤੋਂ ਬਾਦ ਇੱਕ ਸੰਤ ਜੀ ਦਾ ਕੀਰਤਨ ਸੀ। ਉਹ ਕੀਰਤਨ ਸ਼ੁਰੂ ਕਰਨ ਤੋਂ ਪਹਿਲਾਂ ਸੰਗਤਾਂ ਨੂੰ ਸੰਬੋਧਨ ਕਰਕੇ ਕਹਿਣ ਲੱਗੇ -"ਸਾਧ ਸੰਗਤ ਜੀ, ਡਾਕਟਰ ਸਾਹਿਬ ਨੇ ਚੰਗਾ ਕੀਰਤਨ ਕੀਤਾ ਹੈ। ਪਰ ਤੁਹਾਨੂੰ ਪਤਾ ਹੈ ਕਿ ਵਾਹਿਗੁਰੂ ਦੀ ਹਜ਼ੂਰੀ ਵਿੱਚ ਕਿਹੜਾ ਕੀਰਤਨ ਪਰਵਾਨ ਹੁੰਦਾ ਹੈ? ਗੁਰਬਾਣੀ ਦਾ ਫੁਰਮਾਨ ਹੈ: *ਜਹਿ ਕੀਰਤਨ ਤੇਰਾ ਸਾਧੂ ਗਾਵੈ ਤਹ ਮੇਰਾ ਮਨ ਭੀਨਾ॥*"

ਇਸ ਤਰ੍ਹਾਂ ਉਹਨਾਂ ਮੇਰੀ ਫੱਟੀ ਪੋਚ ਕੇ ਆਪਣਾ ਕੀਰਤਨ ਸ਼ੁਰੂ ਕੀਤਾ। ਮੈਨੂੰ ਗੁੱਸਾ ਆਇਆ ਪਰ ਕੀ ਕਰ ਸਕਦਾ ਸਾਂ।

ਇੱਕ ਦਿਨ ਹੇਠ ਲਿਖਿਆ ਸ਼ਬਦ ਗਾਇਨ ਕਰ ਰਿਹਾ ਸਾਂ ਤਾਂ ਅਰਥਾਂ ਦੇ ਕੁਝ ਨਿਵੇਕਲੇ ਭੇਦ ਖੁਲ੍ਹਦੇ ਜਾਪੇ :

*ਰਾਖੁ ਪਿਤਾ ਪ੍ਰਭ ਮੇਰੇ। ਮੋਹਿ ਨਿਰਗੁਨੁ ਸਭ ਗੁਨ ਤੇਰੇ।*
*ਪੰਚ ਬਿਖਾਦੀ ਏਕ ਗਰੀਬਾ ਰਾਖਹੁ ਰਾਖਨ ਹਾਰੇ।*
*ਖੇਦ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ।*
*ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ।*
*ਏਕ ਬਾਤ ਸੁਨਿ ਤਾਕੀ ਓਟਾ ਸਾਧ ਸੰਗਿ ਮਿਟਿ ਜਾਹੀ।*
*ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ।*
*ਸੰਤੀ ਮੰਤੁ ਦੀਆ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ।*
*ਜੀਤਿ ਲੀਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ।*
*ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ।*

ਵਿਅਕਤੀ ਦੁਖੀ ਹੁੰਦਾ ਹੈ। ਉਸ ਨੂੰ ਪਤਾ ਲਗਦਾ ਹੈ ਕਿ ਉਹ ਪੰਜ ਬਖੇੜੂਆਂ ਤੋਂ ਦੁਖੀ ਹੈ। ਕਾਮ ਕਰੋਧ ਹੰਕਾਰ ਲੋਭ ਮੋਹ ਹੰਕਾਰ ਜਦੋਂ ਵਧ ਜਾਂਦੇ ਹਨ ਇਕੱਲਾ ਮਨੁੱਖ ਇਹਨਾਂ ਦੀ ਜਕੜ ਵਿੱਚ ਛਟਪਟਾਂਦਾ ਹੈ। ਉਹਨੂੰ ਪਤਾ ਲਗਦਾ ਹੈ ਕਿ ਸੰਤਾਂ ਦੀ ਸੰਗਤ ਵਿੱਚ ਜਾਣ ਨਾਲ ਇਹਨਾਂ ਤੋਂ ਛੁਟਕਾਰਾ ਮਿਲ ਸਕਦਾ ਹੈ। ਸੰਤ ਉਸ ਨੂੰ ਧੀਰਜ ਵੀ ਦਿੰਦੇ ਹਨ। ਜਿੰਨੀ ਦੇਰ ਉਹਨਾਂ ਦੀ ਸੰਗਤ ਵਿੱਚ ਰਹਿੰਦਾ ਹੈ ਉਹਨੂੰ ਇਹਨਾਂ ਪੰਜਾਂ ਤੋਂ ਕੁਝ ਸਮੇਂ ਲਈ ਛੁਟਕਾਰਾ ਮਿਲਦਾ ਹੈ। ਪਰ ਪੱਕਾ ਇਲਾਜ ਸ਼ਬਦ ਨੂੰ ਕਮਾਉਣ ਵਾਲਾ ਸੰਤ ਨਹੀਂ ਦੱਸਦੇ। ਕਈ ਸੰਤ ਤਾਂ ਇਹ ਵੀ ਕਹਿੰਦੇ ਸੁਣੇ ਹਨ ਕਿ ਜੇ ਤੁਸੀਂ ਸਾਰਾ ਸਾਲ ਪਾਠ ਨਹੀਂ ਕੀਤਾ ਤਾਂ ਕੋਈ ਗੱਲ ਨਹੀਂ ਸਾਡੇ ਕੋਲੋਂ ਅਖੰਡ ਪਾਠ ਕਰਵਾ ਲਵੋ ਤੁਹਾਡੇ ਪਾਪ ਨਸ਼ਟ ਹੋ ਜਾਣਗੇ। ਇੰਜ ਸਧਾਰਨ ਵਿਅਕਤੀ ਸੰਤਾਂ ਦੇ ਆਸਰੇ ਤੇ ਰਹਿਣ ਲੱਗ ਪੈਂਦਾ ਹੈ। ਜਿਵੇਂ ਅੱਜ ਕਲ੍ਹ ਦੇ ਵਿਦਿਆਰਥੀ ਪਾਠ-ਪੁਸਤਕਾਂ ਪੜ੍ਹਨ ਦੀ ਥਾਂ ਕੁੰਜੀਆਂ ਪੜ੍ਹਦੇ ਹਨ। ਇਸ ਨਾਲ ਉਹਨਾਂ ਦਾ ਆਪਣਾ ਦਿਮਾਗ ਵਿਕਸਤ ਨਹੀਂ ਹੁੰਦਾ ਅਤੇ ਉਹ ਗਿਆਨ ਅਤੇ ਅਕਲ ਪੱਖੋਂ ਬੌਣੇ ਰਹਿ ਜਾਂਦੇ ਹਨ। ਪ੍ਰਤਿਭਾਵਾਨ ਬਣਨ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਮੁਸ਼ਕਲਾਂ ਨੂੰ ਦੂਰ ਕਰਨ ਵਾਲੀ ਜੱਦੋ ਜਹਿਦ ਨਾਲ ਹੀ ਸ਼ਖਸੀਅਤ ਨਿਖਰਦੀ ਹੈ।

ਇਸੇ ਤਰ੍ਹਾਂ ਜੇ ਗੁਰਬਾਣੀ ਨੂੰ ਆਪ ਪੜ੍ਹਾਂਗੇ, ਵਿਚਾਰਾਂਗੇ ਤਾਂ ਹੀ ਅਸੀਂ ਵੀ ਸਿੱਖ ਬਣ ਸਕਾਂਗੇ। ਗੁਰਬਾਣੀ ਨੂੰ ਪੜ੍ਹਨ ਵੇਲੇ ਇੱਕ ਖਾਸ ਮਨੋਰਥ ਸਾਹਮਣੇ ਰੱਖਣਾ ਜ਼ਰੂਰੀ ਹੈ। ਜਿਵੇਂ ਜੇ ਇਸ ਮੰਤਵ ਲਈ ਗੁਰਬਾਣੀ ਪੜ੍ਹਾਂਗੇ ਕਿ ਸਾਡੇ ਵਿੱਚੋਂ ਕਾਮ ਕਰੋਧ ਲੋਭ ਮੋਹ ਹੰਕਾਰ ਦੂਰ ਹੋਣ ਤਾਂ ਗੁਰਬਾਣੀ ਵਿੱਚੋਂ ਇਹਨਾਂ ਨੂੰ ਦੂਰ ਕਰਨ ਲਈ ਸਿੱਖਿਆ ਜ਼ਰੂਰ ਮਿਲੇਗੀ। ਅਸਲੀ ਸੰਤ ਉਸ ਚੰਗੇ ਡਾਕਟਰ ਵਾਂਗ ਹੈ ਜਿਹੜਾ ਮਰੀਜ਼ ਦੀ ਮਰਜ਼ ਦੂਰ ਕਰਨ ਵੇਲੇ ਨਾਲ ਨਾਲ ਉਸ ਨੂੰ ਅਰੋਗ ਰਹਿਣ ਦੇ ਨਿਯਮ ਵੀ ਦੱਸਦਾ ਹੈ। ਉਹ ਇਹ ਨਹੀਂ ਚਾਹੁੰਦਾ ਕਿ ਮਰੀਜ਼ ਹਰ ਵੇਲੇ ਉਹਦੇ ਚੁੰਗਲ ਵਿੱਚ ਫਸਿਆ ਰਹੇ।

ਗੁਰਬਾਣੀ ਪੜ੍ਹਨ ਨਾਲ ਗੁਰਬਾਣੀ ਅਨੁਸਾਰ ਜੀਵਨ ਜੀਉਣ ਨਾਲ ਅਸੀਂ ਵੀ ਇਹਨਾਂ ਪੰਜਾਂ ਉੱਪਰ ਵਿਜੈ ਪ੍ਰਾਪਤ ਕਰ ਲਵਾਂਗੇ। ਤਾਂ ਹੀ ਤਾਂ ਕਿਹਾ ਹੈ:

*ਜੀਤਿ ਲੀਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ।*

# ਲੋਕ-ਸੰਗੀਤ ਅਤੇ ਕਾਵਿ-ਰੂਪ

ਸੋਹਿੰਦਰ ਸਿੰਘ ਵਣਜਾਰਾ ਬੇਦੀ

ਸੰਗੀਤ ਉਹ ਧੁਨੀ ਹੈ ਜੋ ਆਤਮਾ ਨੂੰ ਬ੍ਰਹਿਮੰਡ ਨਾਲ ਇਕਸੁਰ ਕਰ ਦੇਂਦੀ ਹੈ। ਸੰਗੀਤ ਦੀਆਂ ਜਿਨ੍ਹਾਂ ਸਵਰ-ਲਹਿਰੀਆਂ ਵਿੱਚੋਂ ਕੋਈ ਜਾਤੀ ਆਪਣੀ ਆਤਮਾ ਦੇ ਬੋਲ ਤੇ ਨੁਹਾਰ ਪਛਾਣਨ ਲਗਦੀ ਹੈ, ਉਹ ਲੋਕ-ਸੰਗੀਤ ਹੈ ਤੇ ਉਹੋ ਜਾਤੀ ਦੇ ਚਰਿਤ੍ਰ ਨਾਲ ਇਕਸੁਰ ਹੋਇਆ ਹੁੰਦਾ ਹੈ। ਲੋਕ-ਸੰਗੀਤ ਦਾ ਪ੍ਰਵਾਹ ਲੋਕ-ਗੀਤਾਂ ਤੇ ਕਾਵਿ-ਕਥਾਵਾਂ ਵਿੱਚ ਰਸਰੂਪ ਹੋ ਕੇ ਸਮਿਚਿਆ ਹੁੰਦਾ ਹੈ। ਲੋਕ-ਗੀਤ ਕਿਸੇ ਜਾਤੀ ਅੰਤ੍ਰੀਵ ਜਜ਼ਬਿਆਂ ਦਾ ਤਾਲਬੱਧ ਸੁਭਾਵਿਕ ਉਛਾਲ ਹਨ ਜੋ ਬੁਲ੍ਹਾਂ ਵਿਚਲਾ ਸੰਗੀਤ ਕਿਸੇ ਵਿਅਕਤੀ ਦੇ ਨਿੱਜੀ ਭਾਵਾਂ ਦੀ ਤਰੰਗ ਨਹੀਂ ਹੁੰਦਾ, ਸਮੁੱਚੀ ਜਾਤੀ ਦੇ ਭਾਵਾਂ ਦਾ ਪ੍ਰਵਾਹ ਹੁੰਦਾ ਹੈ।

ਪੰਜਾਬੀਆਂ ਨੂੰ ਸਵਰ-ਲਹਿਰੀਆਂ ਗੁੜ੍ਹਤੀ ਵਿੱਚ ਮਿਲਦੀਆਂ ਹਨ। ਜੰਮਦਿਆਂ ਸਾਰ ਹੀ, ਬੱਚੇ ਦੇ ਕੰਨਾਂ ਵਿੱਚ, ਗੀਤਾਂ ਦੀਆਂ ਮਧੁਰ ਧੁਨੀਆਂ ਤੇ ਢੋਲਕੀ ਦਾ ਤਾਲ ਛਣਕਣ ਲਗਦਾ ਹੈ। ਲੋਕ-ਸੰਗੀਤ ਬਾਲ ਦੀ ਆਤਮਾ ਵਿੱਚ ਇੱਕ ਰਸ ਹੋ ਰਚ ਜਾਂਦਾ ਹੈ ਤੇ ਜੀਵਨ ਭਰ ਕਈ ਰੂਪਾਂ-ਰੰਗਾਂ ਵਿੱਚ ਜਾਤੀ ਦੇ ਬੁਲ੍ਹਾਂ ਉਤੇ ਖੇਡਦਾ ਰਹਿੰਦਾ ਹੈ।

ਲੋਕ-ਸੰਗੀਤ ਸਹਿਜ ਸੰਗੀਤ ਹੈ, ਗਾਇਕ ਗੀਤਾਂ ਦੀਆਂ ਧੁਨੀਆਂ ਨੂੰ ਕਿਸੇ ਉਸਤਾਦ ਤੋਂ ਨਹੀਂ ਸਿੱਖਦੇ। ਉਹ ਲੋਕ-ਸੰਗੀਤ ਨੂੰ ਕੰਨਾਂ ਰਾਹੀਂ ਸੁਣ ਕੇ ਮਾਣਦੇ ਤੇ ਅੰਦਰ ਜੀਰ ਲੈਂਦੇ ਹਨ। ਜਦੋਂ ਦਿਲ ਵਿੱਚ, ਕਿਸੇ ਗੀਤ ਨੂੰ ਗਾਉਣ ਦੀ ਰੀਝ ਮਚਲਦੀ ਹੈ ਤਾਂ ਦੂਜਿਆਂ ਨੂੰ ਗਾਉਂਦਿਆਂ ਵੇਖ, ਉਨ੍ਹਾਂ ਵਿੱਚ ਸ਼ਾਮਲ ਹੋ ਕੇ, ਉਹ ਸਹਿਜ ਭਾਵ ਨਾਲ, ਗੀਤ ਦੀ ਧੁਨੀ ਸਿੱਖ ਲੈਂਦੇ ਹਨ; ਇਹ ਧੁਨੀ ਸਹਿਜ ਵਿੱਚ ਹੀ ਜਿਉਂਦੀ ਵਿਗਸਦੀ ਰਹਿੰਦੀ ਹੈ। ਪਰ ਕਦੇ ਕਦੇ ਕੋਈ ਪੇਸ਼ਾਵਰ ਗਾਇਕ, ਭੱਟ, ਰਾਸਧਾਰੀਆ, ਇਸ ਸਹਿਜ ਵਿੱਚ ਵਿਚਰ ਰਹੇ ਸੰਗੀਤ ਨੂੰ, ਆਪਣੀ ਕਲਾ ਤੇ ਅਨੁਭਵ ਦੁਆਰਾ ਮਾਂਝ ਚਮਕਾ ਕੇ, ਪਕਾ ਰਸਾ ਵੀ ਲੈਂਦਾ ਹੈ।

ਲੋਕ-ਗੀਤ ਗਾਉਣ ਲਈ ਰਚੇ ਜਾਂਦੇ ਹਨ, ਪੋਥੀਆਂ ਲਈ ਨਹੀਂ। ਇਹ ਕਾਗਜ਼ ਦੀ ਕੁੱਖ ਉੱਤੇ ਨਹੀਂ, ਬੁਲ੍ਹਾਂ ਦੇ ਸਾਜ਼ ਉੱਤੇ ਜੰਮਦੇ ਪਲਦੇ ਹਨ। ਜਿਸ ਲੋਕ-ਗੀਤ ਨੂੰ ਬੁਲ੍ਹਾਂ ਉੱਤੇ ਚਲਣਾ ਨਹੀਂ ਆਉਂਦਾ ਉਸ ਦੀ ਸੰਘੀ ਜੰਮਦੇ ਸਾਰ ਹੀ ਘੁੱਟੀ ਜਾਂਦੀ ਹੈ। ਕਿਸੇ ਗੀਤ ਦੀ ਲੰਮੀ ਉਮਰ ਉਸ ਦੀ ਮਧੁਰ ਲੈਅ ਤੇ ਤਾਲ ਉੱਤੇ ਨਿਰਭਰ ਕਰਦੀ ਹੈ। ਸੰਗੀਤ ਬਿਨਾਂ ਉਹ ਗੀਤ ਅਮਰ ਨਹੀਂ ਹੋ ਸਕਦਾ।

ਲੋਕ-ਗੀਤਾਂ ਵਿੱਚ ਸੰਗੀਤ-ਤਤ ਤੇ ਕਾਵਿ-ਤਤ ਦੋਵੇਂ ਇੱਕ ਦੂਜੇ ਵਿੱਚ, ਮਿਸਰੀ ਪਾਣੀ ਵਾਂਗ ਘੁਲੇ ਹੁੰਦੇ ਹਨ। ਗੀਤ ਦਾ ਪੂਰਾ ਅਨੰਦ ਉਦੋਂ ਹੀ ਮਾਣਿਆ ਜਾ ਸਕਦਾ ਹੈ ਜਦੋਂ ਗੀਤ ਨੂੰ, ਉਸ ਦੀ ਧੁਨੀ ਵਿੱਚ ਗਾਇਆ ਜਾਵੇ। ਸ਼ਬਦ ਤਾਂ ਜਾਮਾ ਹਨ, ਲੋਕ-ਗੀਤ ਦੀ ਰੂਹ ਤਾਂ ਧੁਨੀ ਵਿੱਚ ਸਮਾਈ ਹੁੰਦੀ ਹੈ। ਬਿਨਾਂ ਧੁਨੀ ਦੇ ਲੋਕ-ਗੀਤ ਦੀ ਕੋਈ ਪਛਾਣਨਯੋਗ ਹੋਂਦ ਨਹੀਂ। ਇਸੇ ਲਈ ਲੋਕ-ਗੀਤ ਕਾਗਜ਼ ਦੇ ਟੁਕੜੇ ਉੱਤੇ ਲਿਖੇ ਹੋਏ ਬਹੁਤੇ ਦਿਲ ਨਹੀਂ ਖਿਚਦੇ ਅਤੇ ਨਿਰਜਿੰਦ ਪ੍ਰਤੀਤ ਹੁੰਦੇ ਹਨ। ਪਰ ਜਦੋਂ ਕੋਈ ਗਾਇਕ ਉਨ੍ਹਾਂ ਨੂੰ ਸੁਰ ਤਾਲ ਭਰਦਾ ਹੈ ਤਾਂ ਉਨ੍ਹਾਂ ਗੀਤਾਂ ਵਿੱਚੋਂ ਜ਼ਿੰਦਗੀ ਧੜਕ ਪੈਂਦੀ ਹੈ। ਲੋਕ-ਗੀਤਾਂ ਦੀਆਂ ਧੁਨਾਂ ਦੇ ਮਹੱਤਵ ਉੱਤੇ ਜ਼ੋਰ ਦੇਂਦਿਆਂ, ਪ੍ਰਸਿੱਧ ਲੋਕ-ਧਾਰਾ ਵਿਗਿਆਨੀ ਸੀਸਲ ਜੇ. ਸ਼ਾਰਪ ਲਿਖਦੇ ਹਨ। 'ਮੇਰਾ ਆਪਣਾ ਅਨੁਮਾਨ ਤਾਂ ਇਹ ਹੈ ਕਿ ਗੀਤ ਦੀਆਂ ਧੁਨਾਂ ਸ਼ਬਦਾਂ ਨਾਲੋਂ ਅਧਿਕ ਮੁੱਲ ਰੱਖਦੀਆਂ ਹਨ।' ਇਸ ਦੇ ਉਲਟ ਰਾਬਿੰਦਰ ਨਾਥ ਟੈਗੋਰ ਨੇ, ਲੋਕ-ਗੀਤਾਂ ਵਿੱਚ ਧੁਨੀ ਨਾਲੋਂ ਸ਼ਬਦਾਂ ਨੂੰ ਵਧੇਰੇ ਮਹੱਤਵਪੂਰਣ ਦੱਸਿਆ ਹੈ, ਉਨ੍ਹਾਂ ਦੇ ਖਿਆਲ ਅਨੁਸਾਰ ਧੁਨੀ ਦੀ ਆਪਣੀ ਕੋਈ ਨਵੇਕਲੀ ਹੋਂਦ ਨਹੀਂ ਹੁੰਦੀ। ਪਰ ਸੱਚ ਤਾਂ ਇਹ ਹੈ ਕਿ ਲੋਕ-ਗੀਤਾਂ ਵਿੱਚ ਸ਼ਬਦ ਤੇ ਧੁਨੀ ਤਾਣੇ ਪੇਟੇ ਵਾਂਗ ਓਤ ਪੋਤ ਹੁੰਦੇ ਹਨ ਅਤੇ ਕਈ ਵਾਰ ਇਹ ਨਿਤਾਰਾ ਕਰਨਾ ਕਠਨ ਹੁੰਦਾ ਹੈ ਕਿ ਵਧੇਰੇ ਮਹੱਤਤਾ ਕਿਸ ਨੂੰ ਪ੍ਰਾਪਤ ਹੈ। ਕਈ ਲੋਕ-ਗੀਤ ਧੁਨੀ ਦੇ ਆਸਰੇ ਜੀਵਤ ਰਹਿੰਦੇ ਹਨ ਤੇ ਕਈ ਸ਼ਬਦਾਂ ਦੇ ਆਸਰੇ।

ਪੰਜਾਬੀ ਲੋਕ-ਗੀਤ ਜਿਨ੍ਹਾਂ ਲੋਕ-ਧਾਰਨਾਵਾਂ ਤੇ ਤਰਜ਼ਾਂ ਵਿੱਚ ਗਾਏ ਜਾਂਦੇ ਹਨ, ਉਹ ਸ਼ੁਧ ਰੂਪ ਵਿੱਚ ਲੋਕ-ਸ਼ੈਲੀ ਦੀਆਂ ਹਨ। ਉਨ੍ਹਾਂ ਵਿੱਚੋਂ ਸਿੱਧੇ ਸਾਦੇ ਪੇਂਡੂ ਪੰਜਾਬੀਆਂ ਦੀਆਂ ਦਿਲੀ ਧੜਕਣਾਂ ਸੁਣਾਈ ਦੇਂਦੀਆਂ ਹਨ। ਇਹ ਪੰਜਾਬੀਆਂ ਦੇ ਅੰਤ੍ਰੀਵ ਜਜ਼ਬਿਆਂ ਵਿੱਚੋਂ ਉਭਰੀਆਂ ਹੋਣ ਕਰ ਕੇ, ਉਨ੍ਹਾਂ ਦੇ ਜੀਵਨ ਦੀ ਲੈਅ ਨਾਲ ਇਕਸੁਰ ਹਨ ਤੇ ਪੰਜਾਬੀਆਂ ਦੇ ਲਹੂ ਮਾਸ ਵਿੱਚ ਰਚੀਆਂ ਹੋਈਆਂ ਹਨ। ਇਨ੍ਹਾਂ ਧਾਰਨਾਵਾਂ ਉੱਤੇ ਪੰਜਾਬੀ ਚਰਿਤ੍ਰ ਦੀ ਮੋਹਰ ਛਾਪ ਹੈ ਅਤੇ ਇਹ ਦੂਜੇ ਖੇਤਰਾਂ ਵਿੱਚ

ਗਾਈਆਂ ਜਾਂਦੀਆਂ ਧੁਨੀਆਂ ਨਾਲੋਂ ਨਿਵੇਕਲੀਆਂ ਹਨ।

ਪੰਜਾਬ ਦਾ ਲੋਕ-ਸੰਗੀਤ, ਜੀਵਨ ਪ੍ਰਵਾਹ ਵਿੱਚੋਂ ਸਹਿਜ ਭਾਵ ਵਿੱਚ ਉਪਜਿਆ ਹੈ ਤੇ ਇਸ ਵਿੱਚ ਸਿੱਧੇ-ਸਾਦੇ, ਪਰ ਮਾਖਿਊਂ ਮਿੱਠੇ ਤਾਲ, ਤਰਜ਼ਾਂ ਤੇ ਲੈਆਂ ਮਿਲਦੀਆਂ ਹਨ। ਇਹ ਤਾਲ ਤੇ ਲੈਆਂ ਰੋਜ਼ਾਨਾ ਜੀਵਨ ਦੇ ਨਿੱਕੇ ਨਿੱਕੇ ਤਾਲਬਧ ਪੈਟਰਨਾਂ ਜਿਹਾ ਕਿ ਚੱਕੀ ਦੀ ਲੈਅ, ਚਰਖੇ ਦੀ ਘੂਕਰ, ਹਰਟ ਦੀ ਠੱਕ ਠੱਕ, ਗੈਂ ਗੈਂ, ਘੋੜੇ ਦੀ ਦੜ੍ਹਕ ਆਦਿ ਨਾਲ ਮੇਲ ਖਾਂਦੀਆਂ ਹਨ। ਜੀਵਨ ਵਿੱਚੋਂ ਲਹਿਰਾਂ ਵਾਂਗ ਉਭਰੀਆਂ ਇਨ੍ਹਾਂ ਵੰਨ-ਸੁਵੰਨੀਆਂ ਲੈਆਂ ਨੂੰ ਹੀ ਸੋਧ ਸੰਵਾਰ ਕੇ ਗੀਤ ਦੇ ਸਹਿਜ ਸੰਗੀਤ ਵਿੱਚ ਬਦਲ ਲਿਆ ਗਿਆ ਹੈ ਅਤੇ ਇਨ੍ਹਾਂ ਉੱਤੇ ਹੀ ਪੰਜਾਬ ਦਾ ਸਾਰਾ ਲੋਕ-ਸੰਗੀਤ ਆਧਾਰਤ ਹੈ।

ਪੰਜਾਬ ਵਿੱਚ, ਰਾਗਾਂ ਦੀਆਂ ਕਈ ਪ੍ਰਣਾਲੀਆਂ ਪ੍ਰਚਲਤ ਹਨ, ਜਿਨ੍ਹਾਂ ਵਿੱਚੋਂ ਦੋ ਪ੍ਰਮੁੱਖ ਹਨ -ਇੱਕ ਸ਼ਾਸਤਰੀ ਸੰਗੀਤ, ਜੋ ਸੁੱਘੜ, ਨੇਮਬੱਧ ਤੇ ਕਲਾ-ਰਚਿਆ ਹੈ ਅਤੇ ਸਾਮ ਵੇਦ ਵਿਚਲੇ ਸੰਗੀਤ ਤੱਤਵਾਂ ਤੋਂ ਵਿਕਾਸ ਕਰਕੇ, ਸਾਡੇ ਤੱਕ ਪੁੱਜਾ। ਦੂਜਾ ਦੇਸੀ ਸੰਗੀਤ ਹੈ, ਜੋ ਸਿੱਧਾ ਲੋਕ-ਸੰਗੀਤ ਤੋਂ ਪ੍ਰਫੁੱਲਤ ਹੋਇਆ ਹੈ। ਦੇਸੀ ਸੰਗੀਤ ਦੀ ਆਪਣੀ ਨਵੇਕਲੀ ਸ਼ੈਲੀ ਤੇ ਵਿਲੱਖਣਤਾ ਹੈ। ਇਹ ਜਨ-ਜੀਵਨ ਨਾਲ ਇੱਕਸੁਰ ਹੈ। ਪੰਜਾਬ ਦਾ ਲੋਕ-ਸੰਗੀਤ, ਬਹੁਤਾ ਦੇਸੀ ਸੰਗੀਤ ਦੇ ਰਾਗਾਂ ਤੇ ਰਾਗਣੀਆਂ ਵਿੱਚ ਗਾਇਆ ਜਾਂਦਾ ਹੈ। 'ਸਿੰਧੜਾ', 'ਮਾਂਡ' ਤੇ 'ਪਹਾੜੀ' ਦੇਸੀ ਰਾਗਣੀਆਂ ਹਨ ਤੇ ਇਸ ਵਿੱਚ ਸਾਡੇ ਜ਼ਿਆਦਾਤਰ ਪਰਿਵਾਰਕ ਗੀਤ, ਘੋੜੀਆਂ, ਹੋਲਰ, ਮਹਿੰਦੀ ਤੇ ਬਾਬਲ ਗਾਏ ਜਾਂਦੇ ਹਨ। ਮਾਹੀਆ ਸ਼ੁਧ ਭੈਰਵੀ ਵਿੱਚ ਗਾਇਆ ਜਾਂਦਾ ਹੈ। ਗਿੱਧੇ ਦੀਆਂ ਬੋਲੀਆਂ, 'ਤਿਲੰਗ' ਵਿੱਚ, ਪਰ ਜ਼ਰਾ ਮਿਸ ਨਾਲ। ਸੂਫੀਆਂ ਦੀ ਮੰਡਲੀ ਵਿੱਚ 'ਕਾਫੀ' ਰਾਗਣੀ ਵਧੇਰੇ ਪ੍ਰਧਾਨ ਰਹੀ ਹੈ। ਵਿਜੋਗ ਦੀ ਭਾਵਨਾ ਵਾਲੇ ਕਈ ਲੋਕ-ਗੀਤ, ਇਸੇ ਰਾਗਣੀ ਵਿੱਚ ਗਾਏ ਜਾਂਦੇ ਹਨ।

ਪੰਜਾਬ ਦਾ ਲੋਕ-ਸੰਗੀਤ ਬੰਧਨਾਂ ਤੋਂ ਮੁਕਤ ਹੋਣ ਕਰਕੇ ਪੱਥਰ ਵਾਂਗ ਕਰੜਾ ਨਹੀਂ, ਟਹਿਣ ਵਾਂਗ ਲਚਕਦਾਰ ਹੈ। ਇਸ ਵਿੱਚ ਰੂਪ ਦੀ ਭਿੰਨਤਾ ਤੇ ਸੁਰ-ਸੰਗੀਤ ਦਾ ਸਥਾਨ ਨਾਲ ਪਰਿਵਰਤਨ ਵੀ ਹੈ। ਇਸ ਵਿੱਚ ਸਥਾਨਿਕ ਰੰਗ ਹੀ ਸੋਹਣੇ ਨਿਖਰੇ ਹਨ, ਉਨ੍ਹਾਂ ਵਿੱਚ ਲੈਅ-ਸ਼ੈਲੀ ਭੇਦ ਹੈ। ਪੱਛਮੀ ਪੰਜਾਬ ਦਾ ਲੋਕ ਸੰਗੀਤ ਪੂਰਬੀ ਪੰਜਾਬ ਨਾਲੋਂ ਭਿੰਨ ਹੈ। ਪੱਛਮੀ ਪੰਜਾਬ ਵਿੱਚ, ਦਿਲਾਂ ਦੀਆਂ ਗੱਲਾਂ 'ਮਾਹੀਏ' ਤੇ 'ਢੋਲੇ' ਰਾਹੀਂ ਕੀਤੀਆਂ ਜਾਂਦੀਆਂ ਹਨ, ਪਰ ਪੂਰਬੀ ਪੰਜਾਬ ਵਿੱਚ ਦਿਲ ਦੀ ਆਵਾਜ਼ 'ਬੋਲੀਆਂ' ਵਿੱਚ ਪ੍ਰਗਟੀ ਹੈ। ਚੜ੍ਹਦੇ ਤੇ ਲਹਿੰਦੇ ਪੰਜਾਬ ਵਿੱਚ ਬੋਲੀਆਂ ਦੀ ਧਾਰਨਾ ਵੀ ਵੱਖਰੀ ਹੈ। ਕਈ ਵਾਰ ਇੱਕੋ ਖੇਤਰ ਵਿੱਚ ਕੋਈ ਗੀਤ ਵੱਖੋ ਵੱਖਰੀਆਂ ਧੁਨਾਂ ਵਿੱਚ ਗਾ ਲਿਆ ਜਾਂਦਾ ਹੈ।

ਪੰਜਾਬੀ ਲੋਕ ਗੀਤਾਂ ਦੀਆਂ ਧੁਨਾਂ ਤੇ ਧਾਰਨਾਵਾਂ ਸਾਜ਼ਾਂ ਦੀਆਂ ਮੁਹਤਾਜ ਨਹੀਂ। ਸਾਜ਼ ਭਾਵੇਂ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ, ਪਰ ਇਨ੍ਹਾਂ ਤੋਂ ਬਿਨ੍ਹਾਂ ਵੀ ਕੰਮ ਸਾਰ ਲਿਆ ਜਾਂਦਾ ਹੈ ਅਤੇ ਤਾਲ ਦਾ ਕੰਮ ਚੁਟਕੀ ਤੇ ਤਾੜੀ ਆਦਿ ਤੋਂ ਲੈ ਲਿਆ ਜਾਂਦਾ ਹੈ। ਖੇਤਾਂ ਵਿੱਚ ਹਲ ਵਾਹੁੰਦਾ ਕਿਸਾਨ, ਗੱਡੇ ਨੂੰ ਹੱਕਦਾ ਗੱਡੀਵਾਨ, ਗੋਡੀ ਕਰਦਾ ਸੇਪੀ ਜਾਂ ਮੌਜ ਵਿੱਚ ਤੁਰਿਆ ਜਾਂਦਾ ਗਭਰੂ, ਬਿਨਾਂ ਕਿਸੇ ਸਾਜ਼ ਦੇ ਹੀ ਗੀਤਾਂ ਨੂੰ ਅਲਾਪਦਾ ਹੈ। ਇਸੇ ਤਰ੍ਹਾਂ ਖੇਤਾਂ ਵਿੱਚ ਲੇਤਰ ਛੁੱਟੀਆਂ ਚੁਗਦੇ ਜਾਂ ਤ੍ਰਿੰਝਣਾਂ ਵਿੱਚ ਚਰਖੇ ਕੱਤਦੀਆਂ ਸਵਾਣੀਆਂ ਕੰਮ ਦੀ ਥਕਾ ਦੇਣ ਵਾਲੀ ਇਕਸਾਰਤਾ ਨੂੰ ਤੋੜਨ ਲਈ ਜਾਂ ਮੌਜ ਮਸਤੀ ਵਿੱਚ ਪੀਂਘਾਂ ਝੂਟਦੀਆਂ ਮੁਟਿਆਰਾਂ, ਜਦੋਂ ਗੀਤ ਗਾਉਂਦੀਆਂ ਹਨ ਤਾਂ ਕਿਸੇ ਸਾਜ਼ ਦਾ ਸਹਾਰਾ ਨਹੀਂ ਲੈਂਦੀਆਂ। ਉਹ ਦਿਲ ਦੇ ਤੂੰਬੇ ਉੱਤੇ ਹੀ ਗੀਤ ਛੋਹ ਲੈਦੀਆਂ ਹਨ। ਸੰਗੀਤ ਤੇ ਸਾਜ਼ ਕੇਵਲ ਮੰਗਲ ਕਾਰਜਾਂ ਤੇ ਵਿਸ਼ੇਸ਼ ਸਮਾਜਿਕ ਇਕੱਠਾਂ ਤੇ ਮੇਲਿਆਂ ਵਿੱਚ ਹੀ ਵਰਤੇ ਜਾਂਦੇ ਹਨ। ਵਿਆਹਾਂ ਸਮੇਂ ਗੀਤ ਢੋਲਕੀ ਦੀ ਤਾਲ ਉੱਤੇ ਗਾਏ ਜਾਂਦੇ ਹਨ, ਜਿਸ ਕਰਕੇ ਇਨ੍ਹਾਂ ਨੂੰ 'ਢੋਲਕੀ ਦੇ ਗੀਤ' ਵੀ ਕਹਿ ਲਿਆ ਜਾਂਦਾ ਹੈ। ਲੋਕ-ਗੀਤਾਂ ਨੂੰ ਪੰਜਾਬੀ ਵਿੱਚ 'ਗਾਉਣ' ਕਿਹਾ ਜਾਂਦਾ ਹੈ। ਇਹੋ ਇਨ੍ਹਾਂ ਦਾ ਮੂਲ ਨਾਮ ਹੈ। ਲੋਕ-ਗੀਤ ਤਾਂ 'ਫੋਕ ਸੌਂਗਜ਼' ਦਾ ਅਨੁਵਾਦ ਹੈ।

ਢੋਲਕੀ ਪੰਜਾਬਣਾਂ ਦਾ ਸਭ ਤੋਂ ਪਿਆਰਾ ਸਾਜ਼ ਹੈ। ਇਸ ਨਾਲ, ਉਨ੍ਹਾਂ ਦੇ ਦਿਲ ਦੀਆਂ ਧੜਕਣਾਂ ਇਕਸੁਰ ਹੋਈਆਂ ਪਈਆਂ ਹਨ। ਢੋਲਕੀ ਦਾ ਤਾਲ ਉਨ੍ਹਾਂ ਦੇ ਜੀਵਨ ਪ੍ਰਵਾਹ ਵਿੱਚ ਧੁਨੀ ਵਾਂਗ ਰਚ ਮਿਚ ਗਿਆ ਹੈ। ਢੋਲਕੀ ਦੀ ਆਵਾਜ਼ ਸੁਣਦਿਆਂ ਸਾਰ, ਉਨ੍ਹਾਂ ਉੱਤੇ ਇੱਕ ਨਸ਼ਾ ਧੂੜਿਆ ਜਾਂਦਾ ਹੈ। ਉਨ੍ਹਾਂ ਦੇ ਹੋਠਾਂ ਉੱਤੇ ਗੀਤ ਨੱਚਣ ਲਗਦਾ ਹੈ। ਹਰ ਪੰਜਾਬੀ ਢੋਲਕੀ ਦੇ ਤਾਲ ਵਿੱਚ ਜੰਮਦਾ ਤੇ ਜਵਾਨ ਹੁੰਦਾ ਹੈ। ਢੋਲਕੀ ਉਸ ਦੀਆਂ ਖੁਸ਼ੀਆਂ ਦੀ ਪ੍ਰਤੀਕ ਤੇ ਮਿੱਠੀਆਂ ਯਾਦਾਂ ਦਾ ਭੰਡਾਰਾ ਹੈ। ਹਰ ਮੌਕੇ ਉੱਤੇ ਘਰ ਵਿੱਚ ਢੋਲਕੀ ਵਜਦੀ ਹੈ। ਛੋਟੀਆਂ ਕੁੜੀਆਂ ਗੁੱਡੀ ਗੁੱਡੇ ਦਾ ਵਿਆਹ ਰਚਾਂਦੀਆਂ,

ਨਿੱਕੀ ਜਿਹੀ ਢੋਲਕੀ ਉੱਤੇ ਹੱਥ ਮਾਰ ਕੇ, ਗੀਤ ਗਾਂਦੀਆਂ ਹੋਈਆਂ, ਇਸ ਖੇਡ ਨੂੰ ਵਾਸਤਵਿਕ ਰੰਗ ਦਾ ਛੱਟਾ ਦੇ ਲੈਂਦੀਆਂ ਹਨ। ਮੁੰਡਣ, ਮੰਗਣੀ ਤੇ ਹੋਰ ਵਿਆਹ ਆਦਿ 'ਤੇ ਘਰਾਂ ਵਿੱਚ ਢੋਲਕੀ ਦੀ ਕੁਰਕੁਟ ਪਈ ਰਹਿੰਦੀ ਹੈ। ਵਿਆਹ ਦੇ ਦਿਨੀਂ ਤਾਂ ਢੋਲਕੀ ਪ੍ਰਧਾਨ ਹੁੰਦੀ ਹੈ ਜੇ ਢੋਲਕੀ ਨਾ ਮਿਲੇ ਤਾਂ ਸਖਣੇ ਘੜੇ ਨੂੰ ਮੂੱਧਾ ਮਾਰ ਕੇ ਉਸ ਉੱਤੇ ਰੋੜੇ ਨਾਲ ਤਾਲ ਦਿੱਤਾ ਜਾਂਦਾ ਹੈ। ਘੜੇ ਦੇ ਤਾਲ ਦਾ ਆਪਣਾ ਰਸ ਹੈ। ਇਹ ਪੰਜਾਬਣਾਂ ਦਾ ਕਲਪਿਆ ਸਾਜ਼ ਹੈ, ਜਿਸ ਵਿੱਚੋਂ ਉਹ ਰੋੜੇ ਨਾਲ ਅਜਿਹੇ ਤਾਲ ਕੱਢਦੀਆਂ ਹਨ ਕਿ ਢੋਲਕੀ ਵੀ ਮਾਤ ਪੈ ਜਾਂਦੀ ਹੈ ਤੇ ਸਰੋਤੇ ਕੀਲੇ ਜਾਂਦੇ ਹਨ ਢੋਲਕੀ ਉੱਪਰ ਗਾਏ ਜਾਂਦੇ, ਗੀਤਾਂ ਦੀਆਂ ਧਾਰਨਾਂ ਬੜੀਆਂ ਪੁਰਾਣੀਆਂ ਹੁੰਦਿਆਂ ਵੀ ਦਿਲ ਟੁੰਬਦੀਆਂ ਹਨ। ਪੰਜਾਬਣਾਂ ਨੇ ਇਨ੍ਹਾਂ ਨੂੰ ਬੜੇ ਚਾਵਾਂ ਨਾਲ ਆਪਣੀ ਯਾਦ ਵਿੱਚ ਪਾਲਿਆ ਤੇ ਲਹੂ ਵਿੱਚ ਸਿੰਜਿਆ ਹੈ।

ਪੰਜਾਬੀਆਂ ਦੇ ਕੁਝ ਹੋਰ ਪਿਆਰੇ ਸਾਜ਼ -ਕਿੰਗ, ਇਕਤਾਰਾ, ਅਲਗੋਜ਼ਾ, ਵੰਝਲੀ ਤੇ ਢੱਡ, ਸਾਰੰਗੀ ਆਦਿ ਹਨ। ਇਹ ਸਾਰੇ ਸਾਜ਼ ਦੇਸੀ ਹਨ ਅਤੇ ਤੂੰਬੇ ਬਾਂਸ ਤੇ ਤਾਰ ਨੂੰ ਵਿਧੀ ਨਾਲ ਜੋੜ ਕੇ ਸਹਿਜੇ ਹੀ ਬਣਾਏ ਜਾ ਸਕਦੇ ਹਨ। ਪਰ ਇਨ੍ਹਾਂ ਸਾਧਾਰਨ ਸਾਜ਼ਾਂ ਵਿੱਚੋਂ ਪੰਜਾਬੀਆਂ ਨੇ ਦਿਲਾਂ ਦੀਆਂ ਧੜਕਣਾਂ ਤੇ ਭਾਵਨਾਵਾਂ ਦੇ ਅਨੁਕੂਲ ਸਵਰ-ਲਹਿਰੀਆਂ ਕੱਢ ਲਈਆਂ ਹਨ। ਕਿੰਗ ਸਿੱਧੇ ਜਿਹੇ ਡੰਡੇ ਦੇ ਸਿਰੇ ਉੱਤੇ ਕੱਦੂ ਮੜ੍ਹ ਕੇ, ਉਪਰੋਂ ਦੀ ਤਾਰ ਲੰਘਾ ਕੇ, ਦੋਹਾਂ ਸਿਰਿਆਂ ਨਾਲ ਕਸ ਦਿੱਤੀ ਜਾਂਦੀ ਹੈ। ਇਸ ਨੂੰ ਉਂਗਲ ਦੀ ਠੋਕਰ ਨਾਲ ਵਜਾਇਆ ਜਾਂਦਾ ਹੈ। ਇਸ ਨੂੰ ਇੱਕਤਾਰਾ ਵੀ ਕਿਹਾ ਜਾਂਦਾ ਹੈ। ਇਸ ਵਿੱਚੋਂ ਬੜੀ ਮਧੁਰ ਧੁਨੀ ਨਿਕਲਦੀ ਹੈ। ਇੱਕ ਲੋਕ-ਗੀਤ ਵਿੱਚ ਇਕਤਾਰਾ ਦੀ ਧੁਨੀ ਇਉਂ ਗੂੰਜਦੀ ਹੈ :

ਇੱਕਤਾਰਾ, ਵਜਦਾ, ਵੇ ਰਾਂਝਣਾ
ਨੂਰ ਮਹਲ ਦੀ ਮੋਰੀ।
ਉਹ ਐਸਾ ਵਜਦਾ ਵੇ
ਜਿਉਂ ਹੰਸਾਂ ਦੀ ਜੋੜੀ।

ਤੇ ਇੱਕ ਹੋਰ ਗੀਤ ਵਿੱਚ ਤੂੰਬਾ ਦਿਲਾਂ ਦੀਆਂ ਤਰਬਾਂ ਨੂੰ ਇਉਂ ਟੁੰਬਦਾ ਹੈ -

ਤੂੰਬਾ ਵਜਦਾ ਈ ਨਾ
ਤਾਰ ਬਿਨਾਂ
ਸੋਹਣੀ ਰਹਿੰਦੀ ਨਾ
ਆਪਣੇ ਯਾਰ ਬਿਨਾਂ
ਮਾਹੀ ਵੇ! ਕਲਾ ਮਰੋੜ।
ਗੋਰੀਏ! ਗੱਲ ਕਰ ਹੋਰ।
ਤੂੰਬੇ ਦੇ ਵਜਾਣ ਵਾਲਿਆ
ਤੇਰੇ ਤੂੰਬੇ ਦੀ ਤਰਜ਼ ਨਿਰਾਲੀ।

ਵੰਝਲੀ ਤਾਂ ਰਾਂਝੇ ਦੇ ਬੁਲ੍ਹਾਂ ਨਾਲ ਜੁੜ ਕੇ ਪ੍ਰੇਮ ਭਾਵਾਂ ਦੀ ਪ੍ਰਤੀਕ ਹੋ ਗਈ ਹੈ। ਕਹਿੰਦੇ ਹਨ ਰਾਂਝੇ ਦੀ ਵੰਝਲੀ ਵਿੱਚੋਂ ਜਦੋਂ ਸੁਰਾਂ ਝਰਦੀਆਂ ਤਾਂ ਪਸ਼ੂ ਪੰਛੀ ਤਾਂ ਇੱਕ ਪਾਸੇ ਰਹੇ, ਬੇਲੇ ਦੇ ਸ਼ੇਰ, ਚੀਤੇ ਤੇ ਸੱਪ ਵੀ ਕੀਲੇ ਜਾਂਦੇ। ਵੰਝਲੀ ਵਿੱਚ ਜਦੋਂ ਫੂਕਾਂ ਮਾਰੀਆਂ ਜਾਂਦੀਆਂ ਹਨ ਤਾਂ ਇਹ ਦਿਲਾਂ ਦੀ ਆਵਾਜ਼ ਬਣ ਕੇ ਗੂੰਜਦੀਆਂ ਹਨ। ਪਿੰਡਾਂ ਦੇ ਅਲਬੇਲੇ ਗਭਰੂ, ਮੇਲਿਆਂ ਵਿੱਚ, ਵੰਝਲੀਆਂ ਤੇ ਅਲਗੋਜ਼ਿਆਂ ਵਿੱਚੋਂ, ਲੰਮੀਆਂ ਹੇਕਾਂ ਕੱਢ ਕੇ, ਲੋਕਾਂ ਦੇ ਦਿਲ ਮੋਂਹਦੇ ਫਿਰਦੇ ਹਨ।

ਢੱਡ ਤੇ ਸਾਰੰਗੀ ਪੰਜਾਬੀਆਂ ਦੇ ਦੋ ਹੋਰ ਪਿਆਰੇ ਸਾਜ਼ ਹਨ, ਜਿਨ੍ਹਾਂ ਨੂੰ ਢਾਡੀ ਕਿਸੇ ਸਾਕੇ ਜਾਂ ਪ੍ਰਸੰਗ ਨੂੰ ਸੁਨਾਉਣ ਲਗਿਆਂ ਵਜਾਉਂਦੇ ਹਨ। ਰਬਾਬੀ ਅਲਾਹੀ ਬਾਣੀ ਦੇ ਕੀਰਤਨ ਸਮੇਂ ਰਬਾਬ ਵਜਾਉਂਦੇ ਹਨ। ਪੰਜਾਬੀਆਂ ਦੀ ਬੀਰ-ਰੁਚੀਆਂ ਦੀ ਪੂਰਤੀ ਢੋਲ ਕਰਦਾ ਹੈ ਜਿਸ ਵਿੱਚੋਂ ਮੀਂਹ ਦੀ ਨਿੰਮੀ ਨਿੰਮੀ ਕਣੀ ਵਰਗੇ ਤਾਲ ਤੋਂ ਲੈ ਕੇ ਬੱਦਲਾਂ ਦੀ ਘੂਕਰ ਵਾਂਗ ਸੁਕਣੇ ਤੇ ਕੁਰਕੁਟਵੇਂ ਤਾਲ ਕੱਢੇ ਜਾਂਦੇ ਹਨ।

ਪਿੰਡ ਦੇ ਪਰ੍ਹਿਆਂ ਤੇ ਸੱਥਾਂ ਵਿੱਚ, ਕਦੇ ਕਦੇ ਕਸਬੀ ਗਵੱਈਏ, ਕਵੀਸ਼ਰ, ਢਾਡੀ ਤੇ ਰਬਾਬੀ ਆ ਕੇ ਪ੍ਰਸੰਗ, ਸਾਕੇ ਤੇ ਕਿੱਸੇ ਜਾਂ ਸਵਾਂਗ ਸੁਣਾ ਕੇ/ਵਿਖਾ ਕੇ ਵਾਤਾਵਰਨ ਵਿੱਚ ਜਾਦੂ ਧੂੜ ਦੇਂਦੇ ਹਨ। ਇੱਕ ਲੰਮੀ ਕਹਾਣੀ ਤੁਰਦੀ ਹੈ ਤੇ ਚੋਖੀ ਰਾਤ ਗਈ ਤੱਕ ਪਿੰਡ ਦੇ ਬੱਚੇ, ਗਭਰੂ ਤੇ ਬਿਰਧ, ਚੰਨ ਦੀ ਚਾਨਣੀ ਜਾਂ ਤਾਰਿਆਂ ਦੀ ਲੋਅ ਹੇਠਾਂ ਕੀਲੇ ਬੈਠੇ ਸੰਗੀਤ ਦੇ ਝਰਨੇ ਵਿੱਚ, ਰਸ ਮਾਣਦੇ ਰਹਿੰਦੇ ਹਨ। ਇਹ ਕਸਬੀ ਗਾਇਕ ਰੰਗ ਜਮਾਉਣ ਲਈ ਸਾਜ਼ਾਂ ਤੋਂ ਕਾਫ਼ੀ ਕੰਮ ਲੈਂਦੇ ਹਨ ਤੇ ਇਨ੍ਹਾਂ ਦੇ ਨਾਲ ਸਾਜ਼ਿੰਦੇ ਵੀ ਹੁੰਦੇ ਹਨ, ਜਿਨ੍ਹਾਂ ਕੋਲ ਇਕਤਾਰਾ, ਢੱਡ, ਰਬਾਬ ਆਦਿ ਸਾਜ਼ ਹੁੰਦੇ ਹਨ। ਭਾਵੇਂ ਕਥਾ-ਕਹਾਣੀ ਤੋਂ ਲੋਕੀਂ ਪਹਿਲਾਂ ਹੀ ਚੰਗੀ ਤਰ੍ਹਾਂ ਪਰੀਚਿਤ ਹੁੰਦੇ ਹਨ, ਪਰ ਹਰ ਕਸਬੀ ਕਥਨ ਕਹਾਣੀ ਨੂੰ ਅਜਿਹੀ ਰਸੀਲੀ ਬਣਾ ਕੇ ਸੁਣਾਉਂਦਾ ਹੈ ਕਿ ਇਹ ਨਵੀਂ ਲਗਦੀ ਹੈ। ਪ੍ਰਸੰਗਾਂ, ਸਾਕਿਆਂ ਤੇ ਕਿੱਸਿਆਂ ਵਿੱਚ ਜੋ ਕਥਾ ਕਹਾਣੀ ਤੁਰਦੀ ਹੈ, ਉਸ ਦੇ ਜਜ਼ਬਿਆਂ ਨੂੰ ਹਲੂਣਨ

ਵਾਲਾ ਭਾਗ, ਕਾਵਿ ਬੰਦਾਂ ਵਿੱਚ ਹੁੰਦਾ ਹੈ, ਜਿਸ ਨੂੰ ਗਵੱਈਏ ਲੋਕ-ਧੁਨੀਆਂ ਵਿੱਚ ਗਾ ਕੇ ਸੁਣਾਉਂਦੇ ਹਨ। ਕਹਾਣੀ ਦੀਆਂ ਤੰਦਾਂ ਜੋੜਨ ਲਈ ਕਥਕ ਵਾਰਤਕ ਤੋਂ ਵੀ ਕੰਮ ਲੈਂਦੇ ਹਨ।

ਇਨ੍ਹਾਂ ਪ੍ਰਸੰਗਾਂ, ਸਾਕਿਆਂ ਤੇ ਕਿੱਸਿਆਂ ਵਿੱਚ ਭਗਤੀ-ਭਾਵਨਾ, ਬੀਰਤਾ, ਸਾਹਸ ਜਾਂ ਇਸ਼ਕ ਦੀ ਕੋਈ ਅਨੂਠੀ ਕਥਾ ਜਾਂ ਘਟਨਾ ਹੁੰਦੀ ਹੈ। ਭਗਤੀ-ਭਾਵਨਾ ਵਾਲੀਆਂ ਕਥਾਵਾਂ ਵਿੱਚੋਂ ਪੂਰਨ-ਭਗਤ, ਗੋਪੀ ਚੰਦ ਤੇ ਹਕੀਕਤ ਰਾਏ, ਸੂਰਮਗਤੀ ਦੀਆਂ ਕਥਾਵਾਂ ਵਿੱਚੋਂ ਰਾਜਾ ਰਸਾਲੂ, ਸੁੱਚਾ ਸਿੰਘ ਸੂਰਮਾ, ਤੇ ਜੀਊਣਾ ਮੌੜ, ਪ੍ਰੀਤ ਕਥਾਵਾਂ ਵਿੱਚ ਹੀਰ ਰਾਂਝਾਂ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਸੋਹਣੀ ਮਹੀਵਾਲ, ਯੂਸਫ਼ ਜ਼ੁਲੇਖਾ ਆਦਿ ਖ਼ਾਸ ਪ੍ਰਸਿੱਧ ਹਨ। ਇਹ ਕਥਾਵਾਂ ਪੰਜਾਬੀਆਂ ਦੇ ਲਹੂ ਵਿੱਚ ਰਚੀਆਂ ਹੋਈਆਂ ਹਨ ਅਤੇ ਇਨ੍ਹਾਂ ਦੇ ਨਾਇਕ ਤੇ ਨਾਇਕਾਵਾਂ ਉਨ੍ਹਾਂ ਨੂੰ ਆਪਣੇ ਟੱਬਰ ਦੇ ਜੀਅ ਹੀ ਲਗਦੇ ਹਨ। ਇਸੇ ਲਈ ਪੰਜਾਬੀ ਇਨ੍ਹਾਂ ਕਿੱਸਿਆਂ ਨੂੰ ਬੜੇ ਭਾਵੁਕ ਹੋ ਕੇ ਸੁਣਦੇ ਹਨ।

ਹਰ ਕਿੱਸਾ ਜਾਂ ਪ੍ਰਸੰਗ ਛੋਟੇ ਛੋਟੇ ਬੰਦਾਂ ਵਿੱਚ ਵੰਡਿਆਂ ਹੁੰਦਾ ਹੈ। ਇਸ ਨੂੰ ਕਿਸੇ ਅਜਿਹੀ ਲੋਕ-ਧਾਰਨਾ ਵਿੱਚ ਗਾਇਆ ਜਾਂਦਾ ਹੈ, ਜੋ ਉਹ ਕਿੱਸੇ ਦੀ ਭਾਵਨਾ ਦੇ ਅਨੁਕੂਲ ਹੁੰਦੀ ਹੈ। ਮਿਰਜ਼ੇ ਦੀਆਂ ਸੱਦਾਂ ਨੂੰ, ਲੰਮੀ, ਸੋਗੀ ਹੇਕ ਵਿੱਚ ਅਲਾਪਿਆ ਜਾਂਦਾ ਹੈ, ਜਿਵੇਂ ਕੋਈ ਪ੍ਰੇਮੀ ਵਿਛੋੜੇ ਵਿੱਚ ਕੁੱਠਾ, ਵਿਰਲਾਪ ਕਰ ਰਿਹਾ ਹੋਵੇ। ਇਸ ਨੂੰ ਗਾਉਣ ਵੇਲੇ ਇੱਕ ਹੱਥ ਕੰਨ ਉੱਤੇ ਦੂਜਾ ਉਪਰ ਕੂਕਰ ਪਾਉਣ ਲਈ ਚੁੱਕਿਆ ਹੁੰਦਾ ਹੈ :

ਮਿਰਜ਼ਾ ਮਾਰਿਆ ਉਹਦੇ ਗਮਾਨ ਨੇ,
ਸਾਹਿਬਾਂ ਮਰੀ ਕਟਾਰੀ ਖਾ।
ਲੋਥਾਂ ਰਹੀਆਂ ਜੰਡ ਹੇਠ,
ਬੁਤ ਵੜੇ ਬਹਿਸ਼ਤੀਂ ਜਾ।
ਕੋਈ ਮੁਸਾਫਰ ਮਰ ਗਿਆ,
ਕਿਨੇ ਨਾ ਮਾਰੀ ਧਾ।
ਭਾਈ ਹੁੰਦੇ ਬਹੁੜਦੇ,
ਦੁਖ ਲੈਂਦੇ ਵੰਡਾ।
ਹਾਇ ਵੇ ਮਿਰਜ਼ਿਆ...

ਹਰ ਕਿੱਸੇ ਦੇ ਸੰਗੀਤ ਦੀ ਨਵੇਕਲੀ ਸ਼ੈਲੀ ਹੈ। ਮਿਰਜ਼ਾ ਸਾਹਿਬਾਂ ਦਾ ਕਿੱਸਾ ਆਮ ਤੌਰ ਉੱਤੇ 'ਸਾਰੰਗ' ਵਿੱਚ 'ਕਹਿਰਵਾ' ਤਾਲ ਵਿੱਚ ਗਾਇਆ ਜਾਂਦਾ ਹੈ, ਪਰ ਕਈ ਇਸ ਨੂੰ 'ਤਿਲੰਗ' ਵਿੱਚ 'ਅਡ-ਚੌਤਾਲੇ' ਵਿੱਚ ਗਾਉਂਦੇ ਹਨ। 'ਹੀਰ ਰਾਂਝੇ' ਦਾ ਕਿੱਸਾ ਆਮ ਤੌਰ ਤੇ 'ਸਿੰਧੂ ਭੈਰਵੀ' ਵਿੱਚ, 'ਸੋਹਣੀ ਮਹੀਵਾਲ' ਦਾ 'ਪਹਾੜੀ' ਵਿੱਚ, 'ਯੂਸਫ਼ ਜ਼ੁਲੇਖਾ' ਦਾ 'ਭੈਰਵੀ' ਵਿੱਚ 'ਕਹਿਰਵਾ' ਤਾਲ ਵਿੱਚ ਗਾਉਂਦੇ ਹਨ। ਪੂਰਨ ਭਗਤ ਦਾ ਕਿੱਸਾ 'ਆਸਾਵਰੀ' ਤੇ 'ਮਾਡ' ਦੇ ਸਮਿਲਤ ਰਾਗਾਂ ਵਿੱਚ ਗਾਇਆ ਜਾਂਦਾ ਹੈ।

ਪੰਜਾਬ ਦੇ ਲੋਕ-ਸੰਗੀਤ ਨੂੰ ਵਿਗਿਆਨਕ ਵਿਧੀ ਨਾਲ ਟੇਪ ਕਰ ਕੇ, ਸੰਭਾਲਣ ਦੇ ਗੰਭੀਰ ਯਤਨ, ਅਜੇ ਕਿਸੇ ਸੰਸਥਾ ਨੇ ਨਹੀਂ ਕੀਤੇ ਅਤੇ ਨਾ ਹੀ ਇੱਥੋਂ ਦੀਆਂ ਧੁਨਾਂ ਤੇ ਲੋਕ-ਧਾਰਨਾਂ ਦੀਆਂ ਸ਼ੈਲੀਆਂ ਦਾ ਭਰਵਾਂ ਅਧਿਐਨ ਹੋਇਆ ਹੈ। ਫ਼ਿਲਮੀ ਸੰਗੀਤ ਦੇ ਫੈਲਵੇਂ ਅਸਰ ਹੇਠ, ਮੌਲਿਕ ਧੁਨਾਂ ਤੇ ਧਾਰਨਾਵਾਂ ਵਿੱਚ ਤਬਦੀਲੀਆਂ ਆਉਂਦੀਆਂ ਜਾ ਰਹੀਆਂ ਹਨ। ਜੇ ਇਸ ਪਾਸੇ ਉਚੇਚਾ ਧਿਆਨ ਨਾ ਦਿੱਤਾ ਗਿਆ ਤਾਂ ਇਹ ਅਮੀਰ ਵਿਰਸਾ ਨਸ਼ਟ ਹੋ ਜਾਵੇਗਾ।

ਪੰਜਾਬ ਦੀਆਂ ਅਣਗਿਣਤ ਲੋਕ-ਧਾਰਨਾਂ ਵਿੱਚੋਂ 'ਮਾਹੀਆ' 'ਢੋਲਾ' ਤੇ 'ਬੋਲੀਆਂ' ਦੀਆਂ ਧਾਰਨਾਵਾਂ ਦਾ ਉਭਰਵਾਂ ਸਥਾਨ ਹੈ। ਇਨ੍ਹਾਂ ਸਭਨਾਂ ਦੀਆਂ ਆਪੋ-ਆਪਣੀਆਂ ਸੁਤੰਤਰ ਸ਼ੈਲੀਆਂ ਹਨ। ਇਹ ਤਿੰਨੇ ਧਾਰਨਾਵਾਂ ਇਤਨੀਆਂ ਲੋਕ-ਪ੍ਰਿਯ ਹੋਈਆਂ ਹਨ ਕਿ ਸੰਸਕਾਰਕ ਗੀਤਾਂ ਨੂੰ ਛੱਡ ਕੇ ਬਾਕੀ ਦੇ ਬਹੁਤੇ ਲੋਕ-ਗੀਤ, ਇਨ੍ਹਾਂ ਵਿੱਚ ਹੀ ਰਚੇ ਮਿਲਦੇ ਹਨ, ਇਹ ਕਾਵਿ ਰੂਪ ਛਿੰਨ-ਭੰਗਰੀ ਤੇ ਤਰਲ ਭਾਵਾਂ ਦੇ ਪ੍ਰਗਟਾਉ ਦਾ ਬਹੁਤ ਖ਼ੂਬਸੂਰਤ ਮਾਧਿਅਮ ਹਨ। ਇਨ੍ਹਾਂ ਕਾਵਿ-ਰੂਪਾਂ ਨੂੰ ਪੰਜਾਬੀਆਂ ਨੇ ਭਾਵਨਾਵਾਂ ਨਾਲ ਪਾਲਿਆ ਤੇ ਸਾਧਨਾ ਨਾਲ ਸਿੰਜਿਆ ਹੈ, ਇਸ ਲਈ ਇਹ ਗੀਤ ਅਮਰ ਹੋ ਗਏ ਹਨ।

ਮਾਹੀਆ ਧਨ-ਪੋਠੋਹਾਰ ਦਾ ਬੜਾ ਪਿਆਰਾ ਲੋਕ-ਕਾਵਿ ਰੂਪ ਹੈ। ਭਾਵਾਂ ਵਿੱਚ ਗਸਿਆ ਤੇ ਮਿਠਾਸ ਵਿੱਚ ਗੁਧਿਆ ਹੋਣ ਕਰ ਕੇ ਕੋਈ ਦੂਜਾ ਕਾਵਿ-ਰੂਪ ਇਸ ਦੇ ਤੁੱਲ ਨਹੀਂ ਪਹੁੰਚਦਾ। ਧਨ-ਪੋਠੋਹਾਰ ਦੇ ਇਲਾਕੇ ਵਿੱਚੋਂ ਕਿਧਰੋਂ ਲੰਘ ਜਾਉ, ਕੰਨਾਂ ਵਿੱਚ ਮਾਹੀਏ ਦੇ ਟੱਪਿਆਂ ਦਾ ਰਸ, ਮਿਸਰੀ ਬਣ ਕੇ ਘੁਲਦਾ ਰਹਿੰਦਾ ਹੈ। ਮਾਹੀਏ ਦੇ ਟੱਪੇ ਅੰਮ੍ਰਿਤ ਦੇ ਨਿੱਕੇ ਨਿੱਕੇ ਉਮਾਹੂ ਚੋਹਿਆਂ ਵਾਂਗ ਹਨ, ਜਿਨ੍ਹਾਂ ਵਿੱਚ ਦਿਲ ਦਾ ਕੋਈ ਬਲਵਾਨ ਜਜ਼ਬਾ, ਇੱਕ ਰਸ ਤੋਂ ਫੁਲ ਪਿਆ ਹੋਵੇ। ਇਨ੍ਹਾਂ ਟੱਪਿਆਂ ਵਿੱਚ ਪ੍ਰੀਤ ਕੁੱਠੀ ਜਿੰਦ ਦੀ ਕੋਈ ਵਿਲੱਕਣੀ, ਸੱਧਰ, ਸੁਪਨਾ ਜਾਂ ਮਨੋ-ਲਹਿਰੀ ਨੂੰ ਜੀਭਾਂ ਲਗਦੀਆਂ ਹਨ।

'ਮਾਹੀਏ' ਦਾ ਆਪਣਾ ਇੱਕ ਨਿਵੇਕਲਾ ਰੂਪ-ਵਿਧਾਨ ਹੈ। ਇਹ ਛੋਟੇ ਆਕਾਰ ਦਾ ਤਿੰਨ ਸੱਤਰਾਂ ਦਾ ਗੀਤ ਹੈ। ਪਹਿਲੀ ਸੱਤਰ ਵਿੱਚ ਕੋਈ ਚਿੱਤਰ, ਝਾਕੀ ਜਾਂ ਦ੍ਰਿਸ਼ਟਾਂਤ ਹੁੰਦਾ ਹੈ। ਇਹ ਸੱਤਰ ਕਈ ਵਾਰ ਅਪ੍ਰਸੰਗਕ ਜਾਪਦੀ ਹੈ ਤੇ ਮੂਲ ਭਾਵ ਨਾਲ ਇਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੁੰਦਾ, ਪਰ ਇਹ ਸੱਤਰ ਵੀ ਅਵਚੇਤਨ ਮਨ ਦੀ ਕੋਈ ਸਵਰ-ਲਹਿਰੀ ਹੁੰਦੀ ਹੈ ਤੇ ਕਿਸੇ ਅਪੂਰਵ ਸੱਧਰ ਜਾਂ ਰੀਝ ਦਾ ਪਤਾ ਦੇਂਦੀ ਹੈ। ਅਗਲੀਆਂ ਤੁਕਾਂ ਨਾਲ, ਜੇ ਇਸ ਦਾ ਸਬੰਧ ਨਾ ਵੀ ਜੁੜਦਾ ਹੋਵੇ ਤਾਂ ਵੀ ਇਸ ਦੀ ਬੋਲਣ ਵਾਲੇ ਦੀ, ਮਨੋ-ਅਵਸਥਾ ਨਾਲ ਕੋਈ ਸਾਂਝ ਹੁੰਦੀ ਹੈ। ਇਹ ਸੱਤਰ, ਟੱਪੇ ਦੀ ਲੈਅ ਨੂੰ ਤਵਾਜਨ ਵਿੱਚ ਰੱਖਣ ਲਈ ਜਾਂ ਅਨੁਪ੍ਰਾਸ ਮੇਲਣ ਲਈ ਵੀ ਰਚੀ ਜਾਂਦੀ ਹੈ। ਕੁਝ ਟੱਪਿਆਂ ਵਿੱਚ ਪਹਿਲੀ ਸੱਤਰ ਸਮੁੱਚੇ ਭਾਵ ਦਾ ਉਤਨਾ ਹੀ ਅੰਗ ਹੁੰਦੀ ਹੈ ਜਿਤਨੀਆਂ ਕਿ ਬਾਕੀ ਦੀਆਂ ਦੋ ਤੁਕਾਂ। ਟੱਪੇ ਦਾ ਮੂਲ ਭਾਵ ਦੂਜੀ ਤੇ ਤੀਜੀ ਤੁਕ ਵਿੱਚ ਹੁੰਦਾ ਹੈ ਅਤੇ ਇਹ ਤੁਕਾਂ ਕਿਸੇ ਅੰਤ੍ਰੀਵ ਜਜ਼ਬੇ ਦਾ ਸ਼ਾਬਦਿਕ ਚਿਤ੍ਰ ਹੁੰਦੀਆਂ ਹਨ। ਇਨ੍ਹਾਂ ਵਿੱਚ ਤਰਲ, ਸੂਖਮ ਤੇ ਅਬੋਧ ਭਾਵਾਂ ਦਾ ਨਿੱਗਰ ਰੂਪ ਮੂਰਤ ਵਾਂਗ ਉਭਰਿਆ ਹੁੰਦਾ ਹੈ। ਖ਼ਿਆਲ ਸਿੱਧਾ ਦਿਲ ਵਿੱਚੋਂ ਨਿਕਲਿਆ ਹੋਣ ਕਰ ਕੇ ਟੁੰਬਵਾਂ ਤੇ ਪ੍ਰਭਾਵਸ਼ਾਲੀ ਹੁੰਦਾ ਹੈ। ਹਰ ਟੱਪਾ ਇੱਕ ਪੂਰੀ ਕਵਿਤਾ ਦਾ ਸਵਾਦ ਦੇ ਜਾਂਦਾ ਹੈ :

ਤੰਦੂਰੀ ਤਾਈ ਹੋਈ ਆ
ਬਾਲਣ ਹੱਡੀਆਂ ਦਾ
ਰੋਟੀ ਇਸ਼ਕੇ ਦੀ ਲਾਈ ਹੋਈ ਆ
ਇਹ ਬੱਦਲ ਜੋ ਆਏ ਹੋਏ ਨੇ
ਧੂੰਏਂ ਮੇਰੇ ਦਿਲ ਵਾਲੇ
ਅਸਮਾਨਾਂ ਤੇ ਛਾਏ ਹੋਏ ਨੇ।

ਮਾਹੀਆ ਵਧੇਰੇ ਕਰ ਕੇ ਦੇਸੀ ਤੇ ਸਥਾਨਕ ਰਾਗਣੀਆਂ ਵਿੱਚ ਗਾਇਆ ਜਾਂਦਾ ਹੈ, ਜਿਵੇਂ 'ਪਹਾੜੀ', 'ਸਿੰਧੀ', 'ਭੈਰਵੀ' ਅਤੇ 'ਸਿੰਧੜਾ' ਆਦਿ। ਮਾਹੀਏ ਦੀ ਇੱਕ ਬੜੀ ਪ੍ਰਸਿੱਧ ਧੁਨੀ 'ਮਾਂਡ' ਵਿੱਚ ਗਾਈ ਜਾਂਦੀ ਹੈ। 'ਮਾਂਡ' ਬੜੀ ਪੁਰਾਣੀ ਕਰੁਣਾਮਈ ਰਾਗਣੀ ਹੈ ਤੇ ਇਸ ਵਿੱਚ ਗਾਏ ਮਾਹੀਏ ਦੇ ਟੱਪੇ ਸਿੱਧੇ ਦਿਲ ਵਿੱਚ ਉਤਰ ਜਾਂਦੇ ਹਨ।

ਪੰਜਾਬੀ ਲੋਕ-ਗੀਤਾਂ ਦਾ ਇੱਕ ਹੋਰ ਪ੍ਰਸਿੱਧ ਕਾਵਿ-ਰੂਪ 'ਢੋਲਾ' ਹੈ। 'ਮਾਹੀਏ' ਵਾਂਗ 'ਢੋਲੇ' ਵਿੱਚ ਵੀ ਦਿਲ ਦੇ ਅੰਤ੍ਰੀਵ ਭਾਵਾਂ ਤੇ ਮਚਲ ਰਹੇ ਜਜ਼ਬਿਆਂ ਨੂੰ ਬੜੀ ਮਿੱਠੀ ਤੇ ਭਾਵੁਕ ਬੋਲੀ ਵਿੱਚ ਪੇਸ਼ ਕੀਤਾ ਹੁੰਦਾ ਹੈ। ਇਨ੍ਹਾਂ ਦਾ ਪ੍ਰਧਾਨ ਵਿਸ਼ਾ ਮਾਹੀਏ ਵਾਂਗ ਹੀ 'ਹੁਸਨ ਇਸ਼ਕ' ਹੈ, ਜੋ ਆਦਿ ਕਾਲ ਤੋਂ ਹੀ ਮਨੁੱਖੀ ਭਾਵਨਾਵਾਂ ਨੂੰ ਰੰਗਦਾ ਰਿਹਾ ਹੈ। ਢੋਲਾ ਕਈ ਸ਼ੈਲੀਆਂ ਵਿੱਚ ਪ੍ਰਚਲਿਤ ਹੈ। ਪੋਠੋਹਾਰ ਵਿੱਚ ਪ੍ਰਚਲਿਤ ਢੋਲੇ, ਰੂਪ ਤੇ ਲੈਅ ਵਿੱਚ, ਸਾਂਦਲਬਾਰ ਦੇ ਜਾਂਗਲੀਆਂ ਦੇ ਢੋਲਿਆਂ ਨਾਲੋਂ ਵੱਖਰੇ ਹਨ। ਪੋਠੋਹਾਰੀ ਢੋਲਿਆਂ ਦਾ ਇੱਕ ਬਝਵਾਂ ਰੂਪ-ਵਿਧਾਨ ਹੈ। ਇਹ ਢੋਲੇ ਪੰਜ ਸੱਤਰਾਂ ਦੇ ਹੁੰਦੇ ਹਨ ਅਤੇ ਦੋ ਕੁ ਟੁਕੜੀਆਂ ਵਿੱਚ ਵੰਡੇ ਹੁੰਦੇ ਹਨ। ਪਹਿਲੀ ਟੁਕੜੀ ਤਿੰਨ ਸੱਤਰਾਂ ਦੀ ਹੁੰਦੀ ਹੈ, ਜਿਸ ਵਿੱਚ ਪਹਿਲੀਆਂ ਦੋ ਸੱਤਰਾਂ ਦਾ ਤੁਕਾਂਤ ਮਿਲਦਾ ਹੈ, ਤੀਜੀ ਦਾ ਨਹੀਂ, ਦੂਜੀ ਟੁਕੜੀ ਦੋ ਸੱਤਰਾਂ ਦੀ ਹੁੰਦੀ ਹੈ। ਜੋ ਪਹਿਲੀ ਟੁਕੜੀ ਦੇ ਪ੍ਰਭਾਵ ਨੂੰ ਗੂੜ੍ਹਾ ਕਰਦੀ ਤੇ ਬਿਜਲੀ ਦੀ ਲਿਸ਼ਕ ਵਾਂਗ ਚਕਾਚੂੰਦ ਕਰ ਜਾਂਦੀ ਹੈ। ਇਹ ਦੂਜੀ ਟੁਕੜੀ ਢੋਲੇ ਦੀ ਇਕਾਈ ਦਾ ਬਝਵਾਂ ਅੰਗ ਹੁੰਦਿਆਂ ਵੀ, ਭਾਵ ਵਿੱਚ ਸੁਤੰਤਰ ਤੇ ਸਵੈ-ਸੰਪੰਨ ਹੋਣ ਕਰਕੇ, ਕਿਸੇ ਵੀ ਢੋਲੇ ਦੀ ਪਹਿਲੀ ਕਲੀ ਨਾਲ ਲਗਾ ਕੇ ਗਾਈ ਜਾ ਸਕਦੀ ਹੈ। ਸੋ, ਇਹ ਦੂਜੀ ਕਲੀ, ਕਿਸੇ ਢੋਲੇ ਦਾ ਹਿੱਸਾ ਹੁੰਦਿਆਂ ਵੀ, ਹਰ ਢੋਲੇ ਨਾਲ ਨਿਸ਼ਚਿਤ ਨਹੀਂ, ਇਹ ਜਿੱਥੇ ਢੁੱਕਾ ਕੇ ਗਾ ਲਈ ਜਾਂਦੀ ਹੈ :

ਮੇਰਾ ਢੋਲਾ ਤੇ ਮੈਂ ਹਾਣੀ
ਢੋਲੇ ਕੰਧਾਂ ਤੋਂ ਮੰਗਿਆ ਪਾਣੀ,
ਦੁੱਧ ਚਾ ਦੇਸਾਂ, ਜੀਵੇਂ ਢੋਲਾ।
ਢੋਲ ਰੰਗਲਾ
ਚਿੱਟੀ ਤੇਰੀ ਪਗੜੀ ਗੁਲਾਬੀ ਸ਼ਮਲਾ।

ਪੋਠੋਹਾਰੀ ਢੋਲੇ ਆਮ ਤੌਰ ਉੱਤੇ 'ਪਹਾੜੀ' ਵਿੱਚ 'ਕਹਿਰਵਾ' ਤਾਲ ਵਿੱਚ ਗਾਏ ਜਾਂਦੇ ਹਨ, ਪਰ ਕੁਝ ਢੋਲੇ 'ਤਿਲੰਗ' ਤੇ 'ਭੈਰਵੀ ਰਾਗ' ਵਿੱਚ ਵੀ ਗਾ ਲਏ ਜਾਂਦੇ ਹਨ।

ਸਾਂਦਲਬਾਰ ਵਿੱਚ ਪ੍ਰਚਲਤ ਢੋਲਿਆਂ ਦਾ ਕੋਈ 'ਬਝਵਾਂ ਰੂਪ' ਵਿਧਾਨ ਨਹੀਂ ਅਤੇ ਇਨ੍ਹਾਂ ਦੀ ਲੈਅ ਪੋਠੋਹਾਰੀ ਢੋਲਿਆਂ ਨਾਲੋਂ ਵੱਖਰੀ ਹੈ। ਇਨ੍ਹਾਂ ਵਿੱਚ ਤਾਲ ਤੇ ਲੈਅ ਦੀ ਭਿੰਨਤਾ ਹੈਰਾਨ ਕਰਨ ਵਾਲੀ ਹੈ। ਛੰਦ ਦੀ ਤਾਲ ਭਾਵਾਂ ਦੀਆਂ ਲਹਿਰੀਆਂ ਉੱਤੇ ਨਿਰਭਰ ਕਰਦੀ ਹੈ। ਇਹ ਢੋਲੇ ਬਹੁਤੇ 'ਭੈਰਵੀ' ਵਿੱਚ ਗਾਏ ਜਾਂਦੇ ਹਨ। "ਢੋਲਿਆਂ ਨੂੰ ਗਾਉਣ ਵਾਲੇ ਆਮ ਤੌਰ ਉੱਤੇ ਲੋਕ-ਕਵੀ ਹੁੰਦੇ ਹਨ। ਗਾਇਆ ਇਹ ਇੱਕ ਇਕੱਠ ਵਿੱਚ ਜਾਂਦਾ ਹੈ। ਕੰਨਾਂ ਤੇ ਹੱਥ ਧਰ ਕੇ ਲੰਮੀ ਜਿਹੀ

ਹੇਕ ਨਾਲ, ਇਸ ਤਰ੍ਹਾਂ ਜਾਪਦਾ ਹੁੰਦਾ ਹੈ, ਜਿਸ ਤਰ੍ਹਾਂ ਵੈਰਾਗ ਵਿੱਚ ਆ ਕੇ ਕੋਈ ਵੈਣ ਪਾ ਰਿਹਾ ਹੋਵੇ, ਕਿਸੇ ਮੁਟਿਆਰ ਦੇ ਦੱਬੇ ਹੋਏ ਅਰਮਾਨਾਂ ਦਾ ਉਹ ਚਿਤਰ ਖਿਚ ਰਿਹਾ ਹੁੰਦਾ ਹੈ" ਜਾਂਗਲੀ ਢੋਲੇ ਦੀ ਮਿਠਾਸ ਕੱਚੇ-ਦੁੱਧ ਵਰਗੀ ਹੈ :

ਕੰਨਾਂ ਨੂੰ ਸੋਹਣੇ ਬੁੰਦੇ
ਸਿਰ ਤੇ ਛੱਤੇ ਨੇ ਲੰਡੇ
ਕੇਡੀ ਰਿਹਾੜ ਕਰੇਂਦੇ ਨੂੰ
ਨੀਂਦਰ ਕੱਚੀ ਦੇ ਜਾਗੇ।
ਸੁਤੀ ਸੁਫਨਾ ਵਾਚਿਆ
ਮਾਹੀ ਮਿਲਿਆ ਖਾਬੇ।
ਅਭੜ ਭਾਂਦੇ ਹੱਥ ਸੇ ਜਾਂ ਤੇ ਮਾਰੇ
ਢੋਲਾ ਕੋਲ ਹੋਵੇ ਤਾਂ ਜਾਗੇ।

'ਬੋਲੀ' ਦਾ ਆਪਣਾ ਨਵੇਕਲਾ ਰੂਪ ਰੰਗ ਤੇ ਰਸ ਹੈ-ਵੰਨ ਸੁਵੰਨੀਆਂ ਸ਼ੈਲੀਆਂ। ਨਿੱਕੇ ਜਿਹੇ ਪਿੰਡੇ ਵਾਲੀ ਅੰਮ੍ਰਿਤ ਦੀ ਕਣੀ ਵਾਂਗ ਤਪਦੇ ਹਿਰਦੇ ਵਿੱਚ ਰਸ, ਤੇ ਝਰਨਾਟਾਂ ਛੇੜ ਜਾਂਦੀ ਹੈ। ਬੋਲੀ ਪੰਜਾਬੀ ਦਾ ਸਭ ਤੋਂ ਛੋਟਾ ਕਾਵਿ-ਰੂਪ ਹੈ। ਇਸ ਤੋਂ ਹੋਰ ਛੋਟਾ ਰੂਪ ਕਿਆਸਿਆ ਹੀ ਨਹੀਂ ਜਾ ਸਕਦਾ। ਛੋਟੇ ਰੂਪ ਵਿੱਚ ਕਲਾ ਨੂੰ ਜੀਰਨਾ ਵਧੇਰੇ ਕਠਨ ਹੁੰਦਾ ਹੈ। ਪਰ ਆਕਾਰ ਵਿੱਚ ਛੋਟੀ ਹੁੰਦਿਆਂ ਵੀ, ਬੋਲੀ ਪ੍ਰਭਾਵ ਵਿੱਚ ਬੜੀ ਗਹਿਰੀ, ਰਸੀਲੀ ਤੇ ਰੌਚਕ ਹੁੰਦੀ ਹੈ। ਇਸ ਵਿੱਚ ਅਖਾਣਾਂ ਵਾਲੇ ਸੰਜਮ, ਮਾਹੀਏ ਵਾਲੇ ਚਲਿਤ੍ਰ ਤੋਂ ਇਲਾਵਾ ਇੱਕ ਆਪਣਾ ਸੁਹਜ ਢੰਗ ਵੀ ਹੈ। ਤੁਕਾਂਤ ਤੋਂ ਮੁਕਤ ਹੋਣ ਕਰ ਕੇ ਬਨਾਵਟ ਦਾ ਅੰਸ਼, ਇਸ ਵਿੱਚ ਰਤੀ ਭਰ ਵੀ ਨਹੀਂ। ਇਹ ਸਹਿਜ ਕਾਵਿ-ਰੂਪ ਹੈ, ਪਰ ਲੈਅ ਦੀ ਇਹ ਇਕਾਈ ਆਪਣੇ ਆਪ ਵਿੱਚ ਸੰਪੂਰਨ ਹੋਣ ਕਰ ਕੇ, ਸਿੱਧੀ ਮਨ ਨੂੰ ਟੁੰਬਦੀ ਹੈ। ਬੋਲੀਆਂ ਵਿੱਚ ਮਨੁੱਖੀ ਮਨ ਵਿੱਚ, ਪਲ ਛਿਨ ਲਈ, ਉਹਦੇ ਕਿਸੇ ਭਾਵ, ਸੱਧਰ, ਤੇ ਕਾਮਨਾ ਨੂੰ ਇੱਕ ਬੁਰਸ਼-ਛੁਹ ਨਾਲ ਸਾਕਾਰ ਕੀਤਾ ਜਾਂਦਾ ਹੈ। ਵਿਸ਼ੇ ਜੀਵਨ ਦੀਆ ਤਰੰਗਾਂ ਵਾਂਗ ਹੀ ਬਹੁ-ਪੱਖੀ ਹਨ :

ਟਾਂਡੇ ਚੂਪਣੇ ਚਰੀ ਦੇ ਹਾਣੀਆਂ
ਘਰ 'ਚ ਸੰਧੂਰੀ ਅੰਬੀਆਂ।
ਦਾਣੇ ਲਗਦੇ ਮਖਾਣਿਆਂ ਵਰਗੇ
ਮਿੱਤਰਾਂ ਦੀ ਮੁਠ ਵਿੱਚ ਦੇ।
ਘੁੰਡ ਕਢ ਲੈ ਪਤਣ ਤੇ ਅੜੀਏ
ਪਾਣੀਆਂ ਨੂੰ ਅੱਗ ਲਗ ਜਾਊ।

ਲਾਲੀ ਮੇਰੀਆਂ ਅੱਖਾਂ ਵਿੱਚ ਰੜਕੇ
ਅੱਖ ਮੇਰੇ ਯਾਰ ਦੀ ਦੁਖੇ।

ਬੁਨਿਆਦੀ ਤੌਰ ਉੱਤੇ ਬੋਲੀ ਇੱਕ ਤੁਕ ਦੀ ਹੁੰਦੀ ਹੈ, ਪਰ ਕੁਝ ਬੋਲੀਆਂ ਦੋ, ਚਾਰ ਜਾਂ ਵਧੀਕ ਤੁਕਾਂ ਦੀਆਂ ਵੀ ਮਿਲਦੀਆਂ ਹਨ। ਵੱਡੀਆਂ ਬੋਲੀਆਂ ਲੋਕ-ਨਾਚਾਂ ਨਾਲ ਸਬੰਧਿਤ ਹਨ, ਕੁੜੀਆਂ 'ਗਿੱਧਾ' ਪਾਂਦਿਆਂ ਅਤੇ ਗਭਰੂ ਭੰਗੜਾ ਨੱਚਦਿਆਂ, ਬੋਲੀਆਂ ਦੀਆਂ ਭਾਵਨਾ ਨਾਲ ਇਕਸੁਰ ਹੋ ਜਾਂਦੇ ਹਨ। ਗਿੱਧੇ ਦੀਆਂ ਬੋਲੀਆਂ ਤਿਲੰਗ ਰਾਗ ਵਿੱਚ ਗਾਈਆਂ ਜਾਂਦੀਆਂ ਹਨ।

ਬੱਚੇ ਨੂੰ ਸੁਲਾਣ ਜਾਂ ਵਿਚਰਾਣ ਲਈ, ਲੋਰੀਆਂ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦੀਆਂ ਸੁਰਾਂ ਦੀ ਆਪਣੀ ਨਿਵੇਕਲੀ ਸ਼ੈਲੀ ਹੈ। ਲੋਰੀਆਂ ਨੂੰ ਇੱਕ ਖ਼ਾਸ ਝੀਣੀ, ਲਮਕਵੀਂ ਤੇ ਧੀਮੀ, ਹੇਕ ਵਿੱਚ ਇੰਜ ਅਲਾਪਿਆ ਜਾਂਦਾ ਹੈ ਕਿ ਜਿਵੇਂ ਵਾਤਾਵਰਨ ਉੱਤੇ ਕਿਸੇ ਜਾਦੂ ਧੂੜ ਦਿੱਤਾ ਹੋਵੇ। ਆਲਾ ਦੁਆਲਾ ਅਲਸਾਇਆ ਲਗਦਾ ਏ ਤੇ ਬੱਚਾ ਖੁਮਾਰੀ ਜਿਹੀ ਵਿੱਚ ਆ ਕੇ ਸੌਂ ਜਾਂਦਾ ਹੈ। ਤੁਕਾਂ ਨਿੱਕੀਆਂ ਪਰ ਲਚਕਦਾਰ ਹੁੰਦੀਆਂ ਹਨ ਅਤੇ ਅਨੁਪ੍ਰਾਸ ਦਾ ਸੁਮੇਲ ਬੜਾ ਚਟਪਟਾ। ਹਰ ਤੁਕ ਪਿੱਛੇ ਕੁਝ ਸਵਰ-ਲਹਿਰੀਆਂ ਗੁਣਗੁਣਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿੱਚੋਂ ਸੰਗੀਤ ਫੁਵਾਰੇ ਵਾਂਗ ਝਰਦਾ ਹੈ ਜਿਵੇਂ 'ਊਂ ਊਂ ਊਂ', 'ਕੂ ਹੂ', 'ਕੂ ਹੂ'। ਲੋਰੀ ਦੀ ਲੈਅ ਵਿੱਚ ਇੱਕ ਅਨੂਠੀ ਮਸਤੀ ਹੁੰਦੀ ਹੈ, ਜੋ ਬੱਚੇ ਨੂੰ ਸੁਪਨਿਆਂ ਦੀ ਦੁਨੀਆਂ ਵਿੱਚ ਪਹੁੰਚਾ ਦੇਂਦੀ ਹੈ। ਲੋਰੀਆਂ ਆਮ ਤੌਰ ਉੱਤੇ 'ਤਿਲੰਗ' ਤੇ 'ਭੈਰਵੀ' ਰਾਗਣੀ ਵਿੱਚ ਗਾਈਆਂ ਜਾਂਦੀਆ ਹਨ, ਜਿਵੇਂ :

ਦੂਰ ਵੇ ਕੁਤਿਆ!
ਢੰਨਾਂ ਤਲੇ ਸੁਤਿਆ
ਢੰਨ ਬੜੀ ਪੁਰਾਣੀ
ਲਾਡੋ ਬੜੀ ਸਿਆਣੀ।
ਇਹ ਲੋਰੀ 'ਭੈਰਵੀ' ਵਿੱਚ ਗਾਈ ਜਾਂਦੀ ਹੈ।

ਮੌਤ ਸਮੇਂ ਅਲ੍ਹਾਹਣੀਆਂ ਤੇ ਵੈਣ ਪਾਏ ਜਾਂਦੇ ਹਨ, ਜਿਨ੍ਹਾਂ ਦੀ ਆਪਣੀ ਧਾਰਨਾ ਹੈ। ਅਲ੍ਹਾਣੀਆਂ ਸਿਰਫ ਲੈਅ-ਬਧ ਵਿਰਲਾਪ ਹੀ ਨਹੀਂ, ਇਨ੍ਹਾਂ ਵਿੱਚ ਸੰਸਾਰ ਦੀ ਨਾਸ਼ਮਾਨਤਾ ਤੇ ਮਨੁੱਖੀ ਜੀਵਨ ਦੀ ਅਸਾਰਤਾ ਦਾ ਦਿਲ ਚੀਰਵਾਂ ਵਰਨਣ ਹੁੰਦਾ ਹੈ। ਵੈਣ 'ਭੈਰਵੀ' ਰਾਗਣੀ ਵਿੱਚ ਪਾਏ ਜਾਂਦੇ ਹਨ ਅਤੇ ਇਹ ਮੱਠੀ, ਝੀਣੀ, ਸੋਗੀ, ਲਮਕਾਈ ਹੋਈ ਹੇਕ ਵਿੱਚ ਅਲਾਪੇ ਜਾਂਦੇ ਹਨ, ਵਿੱਚ 'ਹੂ ਕੂ' 'ਮੈਂ ਪੱਟੀ ਗਈ ਆਂ', 'ਮੈਂ ਮਾਰੀ ਗਈ' ਆਦਿ

ਦੇ ਕੀਰਨੇ ਵੀ ਪਾਏ ਜਾਂਦੇ ਹਨ।

'ਕਿਕਲੀ' ਤੇ 'ਬਾਲ' ਗੀਤਾਂ ਦੀ ਨਵੇਕਲੀ ਧਾਰਨਾ ਹੈ ਤੇ ਲੋਹੜੀ ਤੇ ਤੀਆਂ ਦੇ ਗੀਤਾਂ ਦੀ ਆਪਣੀ। 'ਵਾਰਾਂ' ਵਿੱਚ ਬੀਰ-ਰਸੀ ਘੂਕਰ ਹੋਣ ਕਰ ਕੇ ਹੋਰ ਧਾਰਨਾ ਵਿੱਚ ਗਾਈਆਂ ਜਾਂਦੀਆਂ ਹਨ। 'ਛਈ' ਤੇ 'ਜਿੰਦੂਏ' ਦੀ ਧਾਰਨਾ ਇੱਕ ਦੂਜੇ ਨਾਲੋਂ ਅੱਡਰੀ ਹੈ।

ਲੋਕ-ਧਾਰਨਾ ਦੀ ਵੰਨ-ਸੁਵੰਨਤਾ ਗੌਣਾਂ ਵਿੱਚ ਵੇਖਣਯੋਗ ਹੈ। ਹਰ ਗੌਣ ਦੀ ਆਪਣੀ ਲੈਅ ਤੇ ਧੁਨੀ ਹੈ ਤੇ ਹਰ ਗੀਤ ਨਵੇਕਲੀ ਧਾਰਨਾ ਵਿੱਚ ਗਾਇਆ ਜਾਂਦਾ ਹੈ ਤਾਂ ਇੰਜ ਲਗਦਾ ਹੈ ਕਿ ਗੀਤ ਵਿੱਚ ਜ਼ਿੰਦਗੀ ਧੜਕ ਪਈ ਹੈ ਤੇ ਸ਼ਬਦ ਜੀਊ ਉਠੇ ਹਨ। ਹੇਠਾਂ ਕੁਝ ਗੀਤਾਂ ਦੀਆਂ ਟੇਕ ਦੀਆਂ ਤੁਕਾਂ ਦਿੱਤੀਆਂ ਜਾਂਦੀਆਂ ਹਨ। ਇਹ ਗੀਤ ਭਾਵੇਂ ਲੰਮੀ ਉਮਰ ਭੋਗ ਚੁੱਕੇ ਹਨ, ਪਰ ਰਾਗ ਤੇ ਲੈਅ ਦੀ ਮਿਠਾਸ ਅਤੇ ਧਾਰਨਾ ਦੇ ਰਸ ਕਾਰਨ ਸਦਾ ਜਵਾਨ ਤੇ ਨਰੋਏ ਲਗਦੇ ਹਨ -

ੳ) ਉੱਚੀਆਂ ਤੇ ਲੰਮੀਆਂ ਟਾਹਲੀਆਂ ਨੀ ਮਾਏ ਵਿੱਚ ਗੁਜਰੀ ਦੀ ਪੀਂਘ ਵੇ ਮਾਹੀਆ।

ਅ) ਕਿੱਥੇ ਤੇ ਲਾਨੀਆਂ ਟਾਹਲੀਆਂ ਕਿ ਪੱਤਾਂ ਵਾਲੀਆਂ ਵੇ ਕਿੱਥੇ ਤੇ ਲਾਨੀਆਂ ਸ਼ਤੂਤ।

ੲ) ਚੜ੍ਹਿਆ ਮਹੀਨਾ ਹਾੜ ਕਿ ਤਪਣ ਪਹਾੜ ਕਿ ਬਲਣ ਅੰਗੀਠੀਆਂ ਮਾਹੀ ਗਿਆ ਪ੍ਰਦੇਸ ਮੈਂ ਬਿਰਹੋਂ ਲੂਠੀਆਂ।

ਸ) ਵਗਦੀ ਸੀ ਰਾਵੀ ਮਾਹੀ ਵੇ, ਵਿੱਚ ਫੁੱਲ ਕਪਾਹੀ ਦਾ, ਢੋਲਾ। ਮੈਂ ਨਾ ਜੰਮਦੀ ਮਾਹੀ ਵੇ, ਤੂੰ ਕਿੱਥੋਂ ਵਿਆਹੀ ਦਾ ਢੋਲਾ।

ਹ) ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉੱਡ ਜਾਣਾ।

ਮਧੁਰ ਲੈਆਂ ਸਦਕਾ ਹੀ, ਇਹ ਗੀਤ, ਸਾਡੀ ਜ਼ਿੰਦਗੀ ਦੇ ਲਹੂ ਵਿੱਚ ਰਚੇ ਮਿਚੇ ਹੋਏ ਹਨ। ☬

---

*ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ*

ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ। ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।


Kalmi Chicken
Ho Ya Phir Balti Daal,
You Can Have It All!



at
Noor Restaurant



Give a lavish treat to your tastebuds with lip smacking vegetarian/non-vegetarian multi cuisine
Relish tempting rumaali roti and tandoori delights.
Nutritious health food for the diet conscious.
All this comes from our clean and hygienic kitchen

Hotel Pankkaj

S.C.O. 801-802, Sector 22 (Opp. Shivalikview), Chandigarh Phone: 709891-92

# ਮੁਸਲਮਾਨ ਰਬਾਬੀ ਤੇ ਗੈਰਸਿੱਖ ਕੀਰਤਨਕਾਰ


**ਸੋਹਣ ਸਿੰਘ**

ਕੋਠੀ ਨੰ: 3027, ਸੈਕਟਰ: 27-ਡੀ, ਚੰਡੀਗੜ੍ਹ


ਸ੍ਰੀ ਗੁਰੂ ਨਾਨਕ ਦੇਵ ਜੀ ਹਿੰਦੂਆਂ ਦੇ ਗੁਰੂ ਤੇ ਮੁਸਲਮਾਨਾਂ ਦੇ ਪੀਰ ਮੰਨੇ ਜਾਂਦੇ ਹਨ ਕਿਉਂਕਿ ਉਹ ਕੇਵਲ ਇੱਕ ਪਰਮ ਸ਼ਕਤੀ ਦੇ ਉਪਾਸ਼ਕ, ਸੱਚ ਦੇ ਪੁਜਾਰੀ ਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਸਨ। ਉਹਨਾਂ ਨੇ ਨਾ ਤਾਂ ਕਿਸੇ ਸਨਾਤਨੀ ਮੰਤਰ ਨੂੰ ਅਪਨਾਇਆ ਤੇ ਨਾ ਹੀ ਨਮਾਜ਼ ਤੇ ਇਕੀਦਤ ਰੱਖੀ। ਉਹਨਾਂ ਦੇ ਚੋਜਾਂ ਦੀ ਪਟਾਰੀ ਤਲਵੰਡੀ ਵਿਖੇ ਜਦੋਂ ਖੁਲੀ ਤਾਂ ਇਸ ਦੀ ਖੁਸ਼ਬੂ ਰਾਏ ਭੋਏਂ ਦੀ ਤਲਵੰਡੀ ਦੇ ਹੁਕਮਰਾਨ ਤੇ ਪੱਕੇ ਹਾਜੀ ਰਾਏ ਬੁਲਾਰ ਦੇ ਦਿਲ ਵਿੱਚ ਖੁਭ ਗਈ, ਤੇ ਇਦਾਂ ਉਹ ਬਾਬੇ ਨਾਨਕ ਦੇ ਸਭ ਤੋਂ ਨੇੜੇ ਹੋ ਗਏ ਤੇ ਉਹ ਬਾਬੇ ਨੂੰ ਰੱਬੀ ਨੂਰ ਸਮਝਣ ਲੱਗ ਪਏ। ਉਹਨਾਂ ਦੀ ਆਪਸ ਵਿੱਚ ਸੱਚੀ ਮੁਹੱਬਤ ਦੀ ਤਾਰ ਤਣੀ ਗਈ। ਰਾਏ ਬੁਲਾਰ, ਬਾਬੇ ਦੇ ਦਰਸ਼ਨਾਂ ਤੋਂ ਬਗੈਰ ਇੱਕ ਦਿਨ ਵੀ ਨ ਕੱਢਦੇ। ਉਹ ਸਭ ਤੋਂ ਪਹਿਲੇ ਬਾਬੇ ਦੇ ਸੱਚੇ ਸ਼ਰਧਾਲੂ ਸਿੱਖ ਬਣ ਗਏ। ਇਹ ਸਿੱਖ ਕੌਮ ਲਈ ਗੌਰਵ ਦੀ ਗੱਲ ਹੈ ਕਿ ਬਾਬੇ ਨਾਨਕ ਦਾ ਪਹਿਲਾ ਸਿੱਖ ਹਿੰਦੂ ਕੌਮ ਵਿੱਚੋਂ ਨਹੀਂ, ਬਲਕਿ ਹੁਕਮਰਾਨ ਕੌਮ ਵਿੱਚੋਂ ਇੱਕ ਮੁਸਲਮਾਨ ਹੋਇਆ, ਜਿਸ ਨੇ ਰਹਿੰਦੀ ਉਮਰ ਬਾਬੇ ਦੇ ਪਿਆਰ ਵਿੱਚ ਗੁਜ਼ਾਰੀ। ਉਸ ਨੇ ਬਾਬੇ ਦੇ ਹੁਕਮਾਂ ਤੋਂ ਵੀ ਉੱਪਰ ਅਪਣੀ ਜਾਇਦਾਦ ਦਾ ਅੱਧਾ ਹਿੱਸਾ ਬਾਬੇ ਦੇ ਨਾਮ, ਲੋਕ-ਭਲਾਈ ਲਈ ਲਗਾ ਦਿੱਤਾ ਜਿਹੜਾ ਕਿ ਅੱਜ ਵੀ ਨਨਕਾਣਾ ਸਾਹਿਬ ਗੁਰਦੁਆਰੇ ਦੇ ਕਬਜ਼ੇ ਵਿੱਚ ਹੈ। ਆਪਣੀ ਆਮਦਨ ਦਾ ਕਾਫੀ ਹਿੱਸਾ ਲੋਕ ਭਲਾਈ ਲਈ ਖਰਚ ਕਰਦੇ ਰਹੇ। ਹੋਰ ਤੇ ਹੋਰ ਰਾਏ ਭੋਏਂ ਦੀ ਤਲਵੰਡੀ ਪਿੰਡ ਦਾ ਨਾਮ ਵੀ ਬਾਬੇ ਦੇ ਨਾਮ ਤੇ ਨਨਕਾਣਾ ਸਾਹਿਬ ਰੱਖ ਦਿੱਤਾ ਤਾਂ ਕਿ ਉਹਦਾ ਅਪਣਾ ਨਾਮ ਹੀ ਨਾ ਰਵ੍ਹੇ ਕੇਵਲ ਬਾਬੇ ਦਾ ਹੀ ਰਵ੍ਹੇ। ਏਹ ਸੀ ਹਉਮੈ ਨੂੰ ਮਾਰਨ ਦਾ ਵੱਡਾ ਕਦਮ ਜੋ ਰਾਏ ਬੁਲਾਰ ਨੇ ਇੱਕ ਮੁਸਲਮਾਨ ਸਿੱਖ ਹੋ ਕੇ ਵੀ ਨਿਭਾਇਆ। ਸਾਨੂੰ ਉਹਨਾਂ ਦੀ ਸੇਵਾ ਤੇ ਗੌਰਵ ਹੈ ਤੇ ਸਿੱਖ ਕੌਮ ਨੂੰ ਉਹਨਾਂ ਦਾ ਰਿਣੀ ਹੋਣਾ ਸੁਭਾਵਕ ਬਣਦਾ ਹੈ। ਪਰੰਤੂ ਅਸੀਂ (ਸਿੱਖ ਕੌਮ) ਇਸ ਵਿੱਚ ਪਿੱਛੇ ਹਾਂ। ਅਸੀਂ ਉਹਨਾਂ ਦਾ ਰਿਣ ਨਹੀਂ ਚੁਕਾ ਰਹੇ ਕਿਉਂਕਿ ਉਹਨਾਂ ਦੀ ਸੇਵਾ ਤੇ ਪਿਆਰ ਨੂੰ ਸਾਰੇ ਸਾਲ ਵਿੱਚ ਇੱਕ ਵਾਰੀ ਵੀ ਯਾਦ ਨਹੀਂ ਕਰਦੇ।

ਗੁਰੂ ਨਾਨਕ ਸਾਹਿਬ ਨੇ ਕੇਵਲ ਉਸ ਪਰਮ ਸ਼ਕਤੀ ਨੂੰ ਅਨੁਭਵ ਕਰਦਿਆਂ ਹੋਇਆਂ ਉਸ ਦੇ ਗੁਣਾਂ ਦੀ ਸੰਗੀਤ ਰਾਹੀਂ ਵਾਹ ਵਾਹ ਕਰਦਿਆਂ ਰਹਿਸ ਲਿਆ। ਵੇਈਂ ਨਦੀ ਦੇ ਵਿੱਚ ਚੁੱਭਾ ਲਾ, ਪਰਮ ਸ਼ਕਤੀ ਦੇ ਦਰਬਾਰ ਤੋਂ ਆਗਿਆ ਲੈ, ਉਸ ਸ਼ਕਤੀ ਨੂੰ ਜਿਦਾਂ ਵੀ ਅਨੁਭਵ ਕੀਤਾ ਉਦਾਂ ਹੀ ਮੂਲ ਮੰਤਰ :

*"ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ"*

ਰਾਹੀਂ ਅੰਕਿਤ ਕੀਤਾ। ਲੰਮੀਆਂ ਉਡਾਰੀਆਂ /ਉਦਾਸੀਆਂ ਲਾਉਣ ਲਈ ਇੱਕ ਸੱਚੇ ਤੇ ਸੁੱਚੇ ਸਾਥੀ ਦੀ ਭਾਲ ਵਿੱਚ ਭਾਈ ਮਰਦਾਨੇ ਨੂੰ ਤਲਵੰਡੀ ਤੋਂ ਬੁਲਵਾਇਆ ਜਿਸ ਵਿੱਚ ਸੰਗੀਤ ਦਾ ਗੁਣ ਕੁੱਟ ਕੁੱਟ ਭਰਿਆ ਹੋਇਆ ਸੀ। ਅਪਣੇ ਨਾਲ ਚਲਣ ਲਈ ਰਾਜ਼ੀ ਕੀਤਾ। ਰਬਾਬ ਵੀ ਪਿਆਰ ਦੀ ਭਿਜੀ ਹੋਈ ਜੋ ਕਾਰੀਗਰੀ ਦਾ ਵੀ ਨਮੂਨਾ ਸੀ, ਭਾਈ ਫੇਰੂ ਦੇ ਹੱਥਾਂ ਦੀ ਦਿਵਾ ਦਿੱਤੀ। ਫੇਰ ਕੀ ਸੀ, ਮਰਦਾਨੇ ਦੀ ਤਾਰ ਬਾਬੇ ਦੀ ਤਾਰ ਨਾਲ ਮਿਲ ਗਈ, ਰਬਾਬ ਦੀ ਆਵਾਜ਼ ਉਸ ਪਰਮ ਸ਼ਕਤੀ ਦੇ ਅਨੱਹਦ ਸ਼ਬਦ ਨਾਲ ਰਲ ਗਈ ਤੇ ਫਿਰ ਮਸਤੀ ਛਾ ਗਈ, ਸਮਾਧੀਆਂ ਲਗ ਗਈਆਂ ਤੇ ਅਨੰਦ ਅਨੰਦ ਦੀ ਛਹਿਬਰ ਵਰਖਾ ਹੋਣੀ ਅਰੰਭ ਹੋ ਗਈ।

ਭਾਈ ਮਰਦਾਨੇ ਦੇ ਰਬਾਬ ਵਜਾਉਣ ਨਾਲ ਉਸ ਬਾਬੇ ਦੀ ਬਾਨੀ ਸਰੋਤਿਆਂ ਦੇ ਮਨਾਂ ਵਿੱਚ ਵਿਚਰਨ ਲੱਗੀ ਕੁਝ ਝੱਬ ਹੀ ਲਾਉਂਦੀ ਕਿਉਂ ਜੋ ਇਹਦੀ ਨਾਦ ਅਨਹਦ ਸ਼ਬਦ ਦੀ ਧੁਨੀ ਨਾਲ ਮਿਲ ਅਨੁਨਾਦ ਪੈਦਾ ਕਰਦੀ ਸੀ, ਬਾਕੀ ਬਾਬੇ ਦੀ ਸ਼ਕਤੀ ਤੇ ਸੱਚ ਦਾ ਵਾਤਾਵਰਣ, ਇੱਕ ਇਨਸਾਨ ਦੇ ਮਨ ਵਿੱਚ ਪਰਮ ਸ਼ਕਤੀ ਦੇ ਮਿਲਣ ਦੀਆਂ ਉਮੰਗਾਂ ਨੂੰ ਉਭਾਰ ਦਿੰਦੀ। ਇਸ ਸੰਗੀਤ ਭਰੀ ਬਾਣੀ ਨੇ ਬੜੇ ਬੜੇ ਰਾਖਸ਼ਾਂ, ਚੋਰਾਂ, ਧਾੜਵੀਆਂ ਤੇ ਮਗਰੂਰ ਸ਼ਾਹੂਕਾਰਾਂ ਨੂੰ ਮੋਮ ਬਣਾ ਦਿੱਤਾ ਤੇ ਬਾਬੇ ਦੇ ਚਰਨਾਂ ਦਾ ਭੌਰਾ ਬਣਾ ਦਿੱਤਾ ਜਿਸ ਵਿੱਚ ਭਾਈ ਮਰਦਾਨੇ ਦੇ ਰਬਾਬ, ਸੰਗੀਤ, ਫਰਮਾਬਰਦਾਰੀ ਤੇ ਸੁਚਮਤਾਈ ਦਾ ਬਹੁਤਾ ਹਿੱਸਾ ਹੈ। ਭਾਈ ਮਰਦਾਨੇ ਨੇ ਪੂਰੇ 47 ਸਾਲ ਗੁਰੂ ਨਾਨਕ ਸਾਹਿਬ ਦਾ ਸਾਥ ਦਿੱਤਾ, ਠੰਡੀਆਂ ਤੱਤੀਆਂ ਹਵਾਵਾਂ ਵਿੱਚ, ਮਾਰੂਥਲਾਂ ਵਿੱਚ, ਜੰਗਲਾਂ ਵਿੱਚ, ਭੁਖ-ਨਭਾਣਿਆਂ, ਗਰਮੀਆਂ ਸਰਦੀਆਂ ਚ ਬਾਬੇ ਦੀ ਸੇਵਾ ਕੀਤੀ, ਫਰਮਾਬਰਦਾਰੀ ਨਿਭਾਈ, ਗੁਰਬਾਣੀ ਨੂੰ ਚਾਰ ਚੰਦ ਲਗਾਉਣ 'ਚ ਹਿੱਸਾ ਪਾਇਆ। ਮਨੁੱਖਾਂ ਤੇ ਜਾਨਵਰਾਂ ਨਾਲ ਕਈ ਤਰ੍ਹਾਂ ਦੇ ਚਰਿੱਤਰ/ਕਲੋਲ ਕਰਦਿਆਂ ਜਿਦਾਂ

ਵੀ ਬਾਬੇ ਨੂੰ ਭਾਉਂਦਾ ਸੀ, ਉਹਨਾਂ ਨੂੰ ਇਸ ਤਪਦੇ ਸਮੁੰਦਰ ਤੋਂ ਪਾਰ ਲੰਘਣ ਵਿੱਚ ਮੱਦਦ ਕੀਤੀ। ਬਾਬੇ ਦੀ ਕਦੀ ਵੀ ਹੁਕਮ ਅਦੂਲੀ ਨਹੀਂ ਕੀਤੀ ਹਮੇਸ਼ਾਂ ਸੱਚ, ਸੰਤੋਖ, ਗਰੀਬੀ ਤੇ ਅੱਲਾ ਦੇ ਨਾਮ ਵਿੱਚ ਮਗਨ ਰਹਿਣ ਦਾ ਹੀ ਵਰ ਮੰਗਿਆ ਤੇ ਸੱਚਾ ਸਿੱਖ ਬਣਨ ਤੇ ਅਖਵਾਉਣ ਦਾ ਗੌਰਵ ਪ੍ਰਾਪਤ ਕੀਤਾ। ਇੱਥੋਂ ਤਕ ਕਿ ਭਾਈ ਮਰਦਾਨੇ ਦੀ ਬਾਣੀ ਜੋ ਗੁਰੂ ਨਾਨਕ ਸਾਹਿਬ ਨੇ ਉਚਾਰੀ/ਲਿਖੀ, ਗੁਰੂ ਅਰਜਨ ਸਾਹਿਬ ਨੇ ਇਹ 3 ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕਰਕੇ ਉਹਨਾਂ (ਭਾਈ ਮਰਦਾਨੇ) ਦੀ ਪੂਰਨਤਾਈ ਤੇ ਮੋਹਰ ਲਗਾ ਦਿੱਤੀ।

ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਦੇ ਆਖਰੀ ਸੁਆਸ ਛੱਡਣ ਵੇਲੇ ਉਹਨਾਂ ਦਾ ਸੀਸ ਆਪਣੀ ਗੋਦੀ ਵਿੱਚ ਰੱਖ ਕੇ ਬਖਸ਼ਿਸ਼ਾਂ ਦੀ ਛਹਿਬਰ ਲਗਾ, ਉਚੀ ਪਦਵੀ ਨਿਵਾਜੀ ਕਿਉਂਕਿ ਬਾਬਾ ਜੀ ਉਹਨਾਂ ਨੂੰ ਦੂਸਰਾ ਪੂਰਨ ਸਿੱਖ ਮੰਨਦੇ ਸਨ। ਭਾਈ ਮਰਦਾਨੇ ਦਾ ਅੰਤਮ ਸੰਸਕਾਰ ਆਪਣੇ ਹੱਥੀਂ ਕਰਕੇ ਬਾਬਾ ਜੀ ਜਦੋਂ ਤਲਵੰਡੀ ਪਹੁੰਚੇ ਤਾਂ ਮਰਦਾਨੇ ਦੇ ਘਰਦਿਆਂ ਨੇ ਭਾਈ ਸਾਹਿਬ ਬਾਰੇ ਪੁੱਛਗਿੱਛ ਕੀਤੀ ਤਾਂ ਬਾਬੇ ਆਖਿਆ ਕਿ ਭਾਈ ਮਰਦਾਨਾ ਤਾਂ ਆਪਣੇ ਘਰ ਚੱਲ ਬਸਿਆ ਹੈ ਤੇ ਰਬਾਬ ਛੱਡ ਗਿਆ ਹੈ। ਸੋ ਕਾਕਾ ਸ਼ਾਹਜ਼ਾਦ ਤੂੰ ਇਹ ਲੈ ਤੇ ਆਪਣੇ ਅੱਬਾ ਦੀ ਤਰ੍ਹਾਂ ਪਰਮ ਸ਼ਕਤੀ ਦੇ ਗੁਣ ਗਾ ਕੇ ਉਸ ਦਾ ਹੀ ਹੋ ਰਹੋ। ਸ਼ਾਹਜ਼ਾਦ ਕਾਕੇ ਨੇ ਬਾਬੇ ਦਾ ਹੁਕਮ ਮੰਨ, ਬਾਬੇ ਪਾਸ ਕਰਤਾਰ ਪੁਰ ਵਿਖੇ ਹੀ ਬਸੇਰਾ ਕਰ ਲਿਆ। ਉਸ ਨੇ ਅਲਾਹੀ ਬਾਣੀ ਦਾ ਕੀਰਤਨ ਕਰਦਿਆ 14-15 ਸਾਲ ਬਾਬੇ ਦੇ ਚਰਨਾਂ ਵਿੱਚ ਸਾਧ ਸੰਗਤ ਦੀ ਸੇਵਾ ਕੀਤੀ ਤੇ ਜਦੋਂ ਤੱਕ ਬਾਬਾ ਜੀ ਸਰੀਰੋਂ ਵਿਚਰਦੇ ਰਹੇ ਉਸ ਨੂੰ ਖੁਸ਼ੀਆਂ ਦੇ ਭੰਡਾਰੇ ਬਖਸ਼ਦੇ ਰਹੇ। ਇਸ ਤਰ੍ਹਾਂ ਭਾਈ ਮਰਦਾਨਾ ਤੇ ਉਸ ਦੇ ਸਪੁੱਤਰ ਸ਼ਾਹਜ਼ਾਦ ਨੇ 62 ਸਾਲ ਤੱਕ ਬਾਬੇ ਨਾਨਕ ਦਾ ਸਾਥ ਦਿੱਤਾ, ਸੇਵਾ ਕੀਤੀ, ਕੀਰਤਨ ਰਾਹੀਂ ਉਸ ਪਰਮ ਸ਼ਕਤੀ ਦੇ ਗੁਣ ਗਾਏ ਤੇ ਬਾਬੇ ਦੀਆਂ ਖੁਸ਼ੀਆਂ ਤੇ ਬਖਸ਼ਿਸ਼ਾਂ ਦਾ ਆਨੰਦ ਮਾਣਿਆ। ਉਸ ਉਪਰੰਤ ਰਬਾਬੀ ਵੰਸ਼ ਨੇ ਗੁਰੂ ਅੰਗਦ ਸਾਹਿਬ ਤੇ ਗੁਰੂ ਅਮਰ ਦਾਸ ਸਾਹਿਬ ਵੇਲੇ ਭਾਈ ਬਾਦੂ ਤੇ ਭਾਈ ਸਾਦੂ, ਗੁਰੂ ਰਾਮਦਾਸ ਸਾਹਿਬ ਤੇ ਗੁਰੂ ਅਰਜਨ ਸਾਹਿਬ ਦੇ ਸਮੇਂ ਭਾਈ ਸੱਤਾ ਤੇ ਭਾਈ ਬਲਵੰਡ, ਗੁਰੂ ਹਰਿ ਗੋਬਿੰਦ ਸਾਹਿਬ ਵੇਲੇ ਭਾਈ ਬਾਬਕ, ਭਾਈ ਅਬਦੁੱਲਾ ਤੇ ਭਾਈ ਨਥਮਲ ਰਾਹੀਂ ਗੁਰਬਾਣੀ ਦਾ ਕੀਰਤਨ ਕਰਕੇ ਸੇਵਾ ਨਿਭਾਈ। 1947 ਤੱਕ ਭਾਈ ਚਾਂਦ, ਭਾਈ ਲਾਲ, ਭਾਈ ਸਾਂਈ ਦਿੱਤਾ, ਭਾਈ ਦੇਸਾ, ਭਾਈ ਗੁਲਾਬ, ਭਾਈ ਮੋਤੀ ਤੇ ਭਾਈ ਤਾਬਾ ਆਦਿ ਨੇ ਗੁਰਦੁਆਰਿਆਂ ਵਿੱਚ ਸ਼ਬਦ ਕੀਰਤਨ ਦਾ ਰਸ ਸੰਗਤਾਂ ਤਾਈਂ ਬਖੇਰਿਆ। ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਪੁਰਾਤਨ ਸੰਗੀਤ ਸ਼ੈਲੀ (ਧਰੁਪਦ, ਧਮਾਰ ਤੇ ਪੜਤਾਲ) ਨਿਰਧਾਰਤ ਸਵਰ/ਰਾਗ ਤੇ ਲੋਕ ਪ੍ਰੀਯ ਧੁਨੀਆਂ ਹੀ ਅਪਣਾਈਆਂ ਜਾਂਦੀਆਂ ਰਹੀਆਂ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਖਿਆਲ ਸ਼ੈਲੀ ਨੇ ਵੀ ਜਨਮ ਲੈ ਲਿਆ ਸੀ। ਉਸ ਸਮੇਂ ਤੰਤੀ ਸਾਜਾਂ ਰਾਹੀਂ ਹੀ ਜਿਵੇਂ ਕਿ ਰਬਾਬ, ਸਾਰੰਗੀ, ਸਾਰੰਦਾ ਵਗੈਰਾ ਜੋ ਕਿ ਬੜੀ ਮਿਹਨਤ ਮੰਗਦੇ ਹਨ, ਕੀਰਤਨ ਹੁੰਦਾ ਰਿਹਾ ਸੀ। ਰਬਾਬੀ ਵੰਸ਼ ਇਨ੍ਹਾਂ ਸਾਜ਼ਾਂ ਤੇ ਸ਼ੈਲੀ ਵਿੱਚ ਕਾਫੀ ਮੁਹਾਰਤ ਰੱਖਦੇ ਸਨ ਤਾਂ ਹੀ ਤਾਂ ਕੀਰਤਨ ਕਰਦਿਆਂ ਦਾ ਸਨਮਾਨ ਹੁੰਦਾ ਸੀ।

ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਭਾਈ ਚਾਂਦ ਤੇ ਭਾਈ ਲਾਲ ਦਾ ਜਥਾ ਜਦੋਂ ਆਸਾ ਦੀ ਵਾਰ ਯਾਂ ਸ਼ਾਮ ਦਾ ਕੀਰਤਨ ਕਰਦਾ ਹੁੰਦਾ ਸੀ ਤਾਂ ਸਾਰੀ ਪ੍ਰਕਰਮਾ ਭਰ ਜਾਂਦੀ ਸੀ। ਕੀ ਹਿੰਦੂ, ਕੀ ਸਿੱਖ ਤੇ ਕੀ ਮੁਸਲਮਾਨ ਜਿਨ੍ਹਾਂ ਨੂੰ ਗੁਰੂ ਨਾਨਕ ਦੇ ਚਰਨਾਂ ਨਾਲ ਪਿਆਰ ਸੀ, ਹਾਜ਼ਰ ਹੋ, ਕੀਰਤਨ ਦਾ ਆਨੰਦ ਮਾਣਦੇ ਤੇ ਸੰਗਤਾਂ ਉਹਨਾਂ ਨੂੰ ਅਸੀਸਾਂ ਦੇ ਖੁੱਲ੍ਹੇ ਗੱਫੇ ਬਖਸ਼ਦੀਆਂ। ਉਹਨਾਂ ਲਈ ਰੁਜਗਾਰ ਦਾ ਸਿਲਸਲਾ ਤਾਂ ਬਣਿਆ ਹੀ ਹੋਇਆ ਸੀ ਪ੍ਰੰਤੂ ਸ਼ਰਧਾ ਦਾ ਮਹੌਲ ਵੀ ਕਿਸੇ ਤਰ੍ਹਾਂ ਘੱਟ ਨਹੀਂ ਸੀ।

ਸਾਡੀ ਬਦਕਿਸਮਤੀ, 1947 ਵਿੱਚ ਦੇਸ਼ ਦੀ ਵੰਡ ਹੋਈ, ਕਹਿਰ ਵਰਤਿਆ, ਦਿਲਾਂ ਵਿੱਚ ਤਰੇੜਾਂ ਪੈ ਗਈਆਂ, ਖੂਨ ਸਫੈਦ ਹੋ ਗਿਆ, ਯਾਰੀਆਂ ਦੋਸਤੀਆਂ ਦੁਸ਼ਮਨੀ ਵਿੱਚ ਬਦਲ ਗਈਆਂ, ਖੂਨ ਡੁੱਲਿਆ, ਲਾਸ਼ਾਂ ਦੇ ਅੰਬਾਰ ਲਗ ਗਏ, ਘਰ ਵਾਲੇ ਬੇ-ਘਰ ਹੋ ਗਏ। ਏਸੇ ਦੌਰਾਨ ਰਬਾਬੀ ਕੀਰਤਨੀਏ ਭਾਰਤ ਨੂੰ ਛੱਡ ਪਾਕਿਸਤਾਨ ਜਾ ਵਸੇ। ਭਾਈ ਮਰਦਾਨੇ ਦੇ ਵੰਸ਼ ਨੇ ਲਾਹੌਰ ਵਿਖੇ ਜਾ ਡੇਰੇ ਲਾ ਲਏ ਪਰੰਤੂ ਗੁਰੂ ਘਰ ਦਾ ਪਿਆਰ ਨਾ ਘਟਿਆ। ਕਿਉਂਕਿ ਗੁਰੂ ਘਰ ਦਾ ਪ੍ਰਚਾਰ ਤਾਂ ਇਹੀ ਹੈ "*ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ*"। ਗੁਰੂ ਸਾਹਿਬਾਂ ਨੇ ਕਦੀ ਕਿਸੇ ਨੂੰ ਸਲਾਹ ਨਹੀਂ ਸੀ ਦਿੱਤੀ ਕਿ ਉਹ ਆਪਣਾ ਧਰਮ ਜਾਂ ਲਬਾਸ ਛੱਡ ਸਾਡੇ ਸਿੱਖੀ ਦੇ ਦਾਇਰੇ ਵਿੱਚ ਆਵੇ! ਗੁਰੂ ਨਾਨਕ ਸਾਹਿਬ ਦਾ ਸੁਨਹਿਰੀ ਨਾਹਰਾ "*ਨ ਹਮ ਹਿੰਦੂ ਨ ਮੁਸਲਮਾਨ*" ਜੋ ਉਹਨਾਂ ਪਹਿਲੀ ਉਦਾਸੀ ਵੇਲੇ ਸੁਲਤਾਨਪੁਰ ਲੋਧੀ ਵਿਖੇ ਲਗਾਇਆ ਤੇ ਉਪਰੰਤ ਕਮਾਇਆ, ਹਰ ਇੱਕ ਦੇ ਮਨ ਵਿੱਚ ਘਰ ਕਰ ਗਿਆ ਸੀ। ਉਹਨਾਂ ਦੀ ਤਾਂ ਸੱਚੇ ਦੇ ਗੁਣ ਗਾਉਣ ਤੇ ਸੁੱਚੀ ਕਮਾਈ ਕਰਨ ਵਿੱਚ ਹੀ ਤਸੱਲੀ

ਸੀ। ਉਹ ਮਾਨਸ ਦੀ ਨਿਸ਼ਕਾਮ ਸੇਵਾ ਤੇ ਨਿਮਾਣਾ ਹੋ ਕੇ ਰਹਿਣਾ, ਜੋ ਸਿੱਖੀ ਦੇ ਉਤਮ ਅਸੂਲ ਹਨ, ਦਾ ਹੀ ਪ੍ਰਚਾਰ ਕਰਿਆ ਕਰਦੇ ਸਨ। ਏਸੇ ਲਈ ਰਬਾਬੀ ਵੰਸ਼ ਨੇ ਆਪਣੇ ਮਜ਼ਹਬ ਵਿੱਚ ਰਹਿ ਕੇ ਤੇ ਆਪਣੇ ਹੀ ਸਾਦੇ ਪਹਿਰਾਵੇ ਵਿੱਚ ਵਿਚਰਦਿਆਂ ਹੋਇਆ ਕੀਰਤਨ ਦੀ ਸੇਵਾ ਕੀਤੀ। ਉਹਨਾਂ ਦੀ ਵੀ ਧਾਰਨਾ ਬਣ ਚੁੱਕੀ ਸੀ ਕਿ ਮਨ ਦੀ ਸ਼ਾਂਤੀ ਲਈ ਤੇ ਪਰਮ ਸ਼ਕਤੀ ਤੱਕ ਪਹੁੰਚਣ ਲਈ ਕੋਈ ਵੀ ਕੀਰਤਨ ਕਰੇ ਸਭ ਸਵੀਕਾਰ ਹੈ ਉਸ ਦੀ ਦਰਗਾਹ ਵਿੱਚ! ਭਾਈ ਮਰਦਾਨਾ ਜੀ ਦੇ ਵੰਸ 'ਚੋਂ ਭਾਈ ਲਾਲ ਜੀ ਆਪਣੇ ਘਰ ਲਾਹੌਰ ਵਿਖੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ ਤੇ ਗੁਰਬਾਣੀ ਦਾ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਹੁਣ ਤੱਕ ਉਹਨਾਂ ਦੇ ਜੱਥੇ ਨੇ ਕੀਰਤਨ ਦਰਬਾਰਾਂ ਵਿੱਚ ਕੀਰਤਨ ਦੀ ਸੇਵਾ ਕਰਕੇ 11 ਕੌਮਾਂਤਰੀ ਪੁਰਸਕਾਰ ਵੀ ਹਾਸਲ ਕੀਤੇ ਹੋਏ ਹਨ। ਖਾਲਸੇ ਦੇ 300 ਸਾਲਾ ਸਾਜਨਾ ਦਿਵਸ ਤੇ ਉਹਨਾਂ ਦੇ ਜਥੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਦੋਂ ਸੱਦਾ ਭੇਜਿਆ ਤਾਂ ਉਹ ਬੜੀ ਸ਼ਰਧਾ ਨਾਲ ਆਪਣਾ ਜਥਾ ਜਿਸ ਵਿੱਚ ਉਹਨਾਂ ਦੇ ਵੱਡੇ ਭਰਾ ਭਾਈ ਅਰਸ਼ਾਦ ਅਹਮਦ, ਭਾਈ ਲਾਲ ਦੇ ਲੜਕੇ ਭਾਈ ਕਰਮ ਹੁਸੈਨ ਤੇ ਭਾਈ ਮੁਹੱਮਦ ਹੁਸੈਨ ਸ਼ਾਮਲ ਸਨ, ਲੈ ਕੇ ਆਏ। ਕੀਰਤਨ ਦੀ ਨਿੱਘੀ ਸੇਵਾ ਕੀਤੀ। 13 ਅਪਰੈਲ 8-20 ਤੋਂ 8-42 ਤੱਕ ਆਨੰਦ ਪੁਰ ਸਾਹਿਬ ਵਿਖੇ ਵੀ ਕੀਰਤਨ ਕੀਤਾ ਤੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉੱਥੇ ਉਹਨਾਂ (ਭਾਈ ਲਾਲ ਜੀ) ਨੇ ਦੱਸਿਆ ਕਿ "ਗੁਰੂ ਨਾਨਕ ਦੇਵ ਜੀ ਤੋਂ ਹੁਣ ਤੱਕ ਸਾਡੇ ਵੰਸ਼ ਦੇ ਰਬਾਬੀ ਗੁਰੂ ਘਰ ਦੀ ਸੇਵਾ ਕੀਰਤਨ ਰਾਹੀਂ ਨਿਭਾ ਰਹੇ ਹਨ। 1699 ਵਿਸਾਖੀ ਵਾਲੇ ਦਿਨ ਖਾਲਸਾ ਸਾਜਨਾ ਦਿਵਸ ਤੇ ਵੀ ਆਸਾ ਦੀ ਵਾਰ ਦਾ ਕੀਰਤਨ ਉਹਨਾਂ ਦੇ ਵੱਡੇ ਰਬਾਬੀਆਂ ਨੇ ਹੀ ਕੀਤਾ ਸੀ। ਉਹਨਾਂ ਕਿਹਾ ਕਿ ਗੁਰਬਾਣੀ ਤਾਂ ਉਹਨਾਂ ਦੇ ਹਿਰਦਿਆਂ ਤੇ ਉੱਕਰੀ ਹੋਈ ਹੈ ਅਸੀਂ ਤਾਂ ਇਸ ਵਿੱਚ ਹੀ ਸਦੀਆਂ ਤੋਂ ਪਲਦੇ ਆ ਰਹੇ ਹਾਂ, ਪਰੰਤੂ 1962 ਤੋਂ ਜਦੋਂ ਸਾਨੂੰ ਗੈਰ ਸਿੱਖ ਕਰਾਰ ਦੇ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਕੀਰਤਨ ਕਰਨ ਤੋਂ ਵਾਂਝਾਂ ਕਰ ਦਿੱਤਾ ਤਾਂ ਸਾਨੂੰ ਬਹੁਤ ਠੇਸ ਲੱਗੀ ਹੈ। ਉਹਨਾਂ ਦੇ ਮਨ ਦੀ ਇੱਛਾ ਹੈ ਕਿ ਉਹ ਗੁਰਬਾਣੀ ਦਾ ਹੀ ਰਹਿਸ ਲੈਂਦਿਆਂ ਲੈਂਦਿਆਂ ਆਪਣਾ ਜੀਵਨ ਬਤੀਤ ਕਰਨ ਤੇ ਅਗਲੀ ਪੀੜੀ ਨੂੰ ਵੀ ਇਸੇ ਹੀ ਲੀਹ ਤੇ ਲਾਉਣ!"

ਭਾਈ ਲਾਲ ਜੀ ਦਾ 300 ਸਾਲਾ ਸਾਜਨਾ ਦਿਵਸ ਤੇ ਅਨੰਦ ਪੁਰ ਸਾਹਿਬ ਵਿਖੇ ਭਰੇ ਦਿਵਾਨ ਵਿੱਚ ਉੱਪਰ ਦਿੱਤੇ ਵਿਚਾਰ ਬੜੇ ਗੰਭੀਰਤਾ ਨਾਲ ਸੋਚਣੇ ਚਾਹੀਦੇ ਸਨ। ਉਹਨਾਂ ਨੇ ਸਿੱਖ ਲੀਡਰਸ਼ਿਪ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਝੰਝੋੜਿਆ ਹੈ ਕਿ ਗੁਰੂ ਨਾਨਕ ਸਾਹਿਬ ਦੀ ਚਲਾਈ ਪਰੰਪਰਾ ਤੇ ਅਸੂਲਾਂ ਨੂੰ ਜੋ ਮਰੋੜਾ ਦਿੱਤਾ ਗਿਆ ਹੈ ਕੋਈ ਸੁੱਚਾ ਸਿੱਖ ਮਜ਼ਹਬ ਦੇ ਦਾਇਰੇ ਤੋਂ ਉੱਪਰ ਉੱਠ ਇਸ ਮਰੋੜੇ ਨੂੰ ਸਿੱਧਾ ਕਰੇ। ਇਹ ਤਵਾਰੀਖ ਦਾ ਇੱਕ ਸ਼ਰਮਨਾਕ ਸਫਾ ਹੈ ਕਿ 1947 ਵਿੱਚ ਦੇਸ਼ ਦੀ ਵੰਡ ਹੋਈ, ਪੰਜਾਬ ਦੇ ਮੁਸਲਮਾਨ ਪਾਕਿਸਤਾਨ ਚਲੇ ਗਏ ਤੇ ਹਿੰਦੂ ਸਿੱਖ ਇੱਧਰ ਆ ਵਸੇ। ਮਲੇਰਕੋਟਲੇ, ਕਾਦੀਆਂ ਤੇ ਫਰੀਦਕੋਟ ਦੇ ਮੁਸਲਮਾਨਾਂ ਨੂੰ ਪਾਕਿਸਤਾਨ ਜਾਣ ਤੇ ਮਜਬੂਰ ਤਾਂ ਨਹੀਂ ਕੀਤਾ ਗਿਆ, ਚੰਗੀ ਗੱਲ ਹੈ, ਪਰੰਤੂ ਮੁਸਲਮਾਨ ਰਬਾਬੀ ਜੋ ਗੁਰੂ ਘਰ ਦੀ ਕੀਰਤਨ ਰਾਹੀਂ ਸੇਵਾ ਕਰਦੇ ਹੁੰਦੇ ਸਨ ਉਹਨਾਂ ਨੂੰ ਪਾਕਿਸਤਾਨ ਜਾਣ ਤੋਂ ਨਹੀਂ ਵਰਜਿਆ। ਸਿੱਖ ਉਹਨਾਂ ਦੀ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ ਕਰ ਸਕੇ। ਇਹ ਇੱਕ ਸਮਾਂ ਸੀ, ਉਹਨਾਂ ਦੀ ਸੇਵਾ ਦੇ ਰਿਣ ਦਾ ਕੁਝ ਹਿੱਸਾ ਚੁਕਾਉਣ ਦਾ, ਪਰੰਤੂ ਨਹੀਂ ਹੋ ਸਕਿਆ। ਇਸ ਤੋਂ ਵੀ ਉੱਪਰ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1962 ਵਿੱਚ ਮਤਾ ਪਾਸ ਕਰਕੇ ਗੈਰ ਸਿੱਖਾਂ ਨੂੰ ਦਰਬਾਰ ਸਾਹਿਬ ਜਾਂ ਹੋਰ ਕਮੇਟੀ ਪ੍ਰਬੰਧ ਦੇ ਕਿਸੇ ਗੁਰਦੁਆਰੇ ਵਿਖੇ ਕੀਰਤਨ ਕਰਨ ਤੇ ਮਨਾਹੀ ਲਗਾ ਦਿੱਤੀ। ਕੀ ਇਹ ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਹੈ? ਜੋ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁੱਖ ਹੋ, ਕੀਰਤਨ ਦੀ ਸੇਵਾ ਕਰਦੇ ਰਹੇ ਹੋਣ ਕੀ ਉਹਨਾਂ ਨੂੰ ਕੁਝ ਸਿੱਖ ਅਖਵਾਉਣ ਵਾਲੇ, ਦਸਾਂ ਪਾਤਸ਼ਾਹੀਆਂ ਦੇ ਸਰੂਪ ਦੇ ਸਨਮੁਖ ਕੀਰਤਨ ਕਰਨੋ ਮਨਾ ਕਰ ਸਕਦੇ ਹਨ? ਜਿਹੜੇ ਰਬਾਬੀ 1962 ਤੱਕ ਹਰਿਮੰਦਰ ਸਾਹਿਬ ਵਿੱਚ ਸ਼ਬਦ ਕੀਰਤਨ ਕਰਕੇ ਆਪਣੇ ਸੁਭਾਗ ਸਮਝਦੇ ਸਨ ਉਹਨਾਂ ਨੂੰ ਗੁਰੂ ਘਰ ਤੋਂ ਵਾਂਝਾਂ ਰੱਖਣ ਦਾ ਫ਼ੈਸਲਾ ਇੱਕ ਕਾਲਾ ਫੈਸਲਾ ਹੈ। ਗੁਰੂ ਸਿੱਖਿਆ ਅਨੁਸਾਰ ਤਾਂ ਗੁਰੂ ਘਰ ਨਾਲ ਜੋੜਨ ਵਰਗਾ ਪੁੰਨ ਕੋਈ ਨਹੀਂ, ਤੇ ਗੁਰੂ ਘਰ ਨਾਲੋਂ ਤੋੜਨ ਵਰਗਾ ਪਾਪ ਕੋਈ ਨਹੀਂ।

ਗੁਰੂ ਮਹਾਰਾਜ ਦੇ ਸਮੇਂ ਤਾਂ ਕੀ ਹਿੰਦੂ ਤੇ ਕੀ ਮੁਸਲਮਾਨ ਸਾਰੇ ਇੱਕੋ ਜਿਹੇ ਗੁਰੂ ਮਹਾਰਾਜ ਦੇ ਸ਼ਰਧਾਲੂ ਹੁੰਦੇ ਸਨ। ਔਖੇ ਵੇਲੇ ਦੋਹਾਂ ਨੇ ਗੁਰੂਆਂ ਦਾ ਸਾਥ ਦਿੱਤਾ। ਜਿੱਥੇ ਕਿਤੇ ਕੁਰਬਾਨੀ ਦੀ ਲੋੜ ਪਈ ਤਾਂ ਜਾਨਾਂ ਵਾਰਨ ਵਿੱਚ ਵੀ ਗੁਰੇਜ ਨਹੀਂ ਕੀਤਾ। ਗੁਰੂਆਂ ਦੀ ਤਾਂ ਜ਼ੁਲਮ ਨਾਲ ਦੁਸ਼ਮਣੀ ਸੀ ਨਾ ਕਿ ਕਿਸੇ ਖਾਸ ਮਜ਼ਹਬ ਜਾਂ ਵਿਅਕਤੀ ਨਾਲ। ਇਸੀ ਤਰ੍ਹਾਂ ਗੁਰੂਆਂ ਤੋਂ ਉਪਰੰਤ ਵੀ

ਸਿੱਖਾਂ ਦੀ ਇਤਨੀ ਇੱਜ਼ਤ ਰਹੀ ਕਿ ਹਿੰਦੂ ਖਾਨਦਾਨ ਵਿੱਚੋਂ ਜਿੱਥੇ ਗੁਰੂ ਨਾਨਕ ਨਾਮ ਲੇਵਾ ਵੱਸਦੇ ਸਨ, ਆਪਣੇ ਪਰਿਵਾਰ ਦੇ ਪਲੇਠੀ ਦੇ ਲੜਕੇ ਨੂੰ ਸਿੱਖ ਸਜਾਉਣ ਵਿੱਚ ਆਪਣੇ ਧੰਨਭਾਗ ਸਮਝਦੇ। ਉਸ ਦੀ ਪਰਿਵਾਰ ਵਿੱਚ ਦੂਸਰਿਆਂ ਨਾਲੋਂ ਜ਼ਿਆਦਾ ਇੱਜ਼ਤ ਹੁੰਦੀ ਤੇ ਸਰਦਾਰੀ ਚਲਦੀ। ਸਾਰੇ ਗੁਰਬਾਣੀ ਦਾ ਹੀ ਪਾਠ ਕਰਦੇ ਤੇ ਸਿੱਖੀ ਅਸੂਲਾਂ ਦੀ ਹੀ ਧਾਰਨਾ ਕਰਦੇ। ਇਸੇ ਲਈ ਦੋਹਾਂ ਧਿਰਾਂ ਵਿੱਚ ਪਿਆਰ ਦੀ ਤੰਦ ਤਣੀ ਰਹੀ ਤੇ ਇੱਕ ਪਰਿਵਾਰ ਵਾਂਗੂ ਵਿਚਰਦੇ ਰਹੇ। ਪਰੰਤੂ ਹੁਣ 60-70 ਸਾਲਾਂ ਤੋਂ ਵਾਤਾਵਰਣ ਇਹੋ ਜਿਹਾ ਹੋ ਗਿਆ ਹੈ ਕਿ ਸਿੱਖੀ ਕੇਵਲ ਸਿੱਖ ਪਰਿਵਾਰਾਂ ਤੱਕ ਹੀ ਸੀਮਤ ਰਹਿ ਗਈ ਹੈ ਤੇ ਉਹ ਵੀ ਘਟਦੀ ਜਾਂਦੀ ਹੈ। ਹਿੰਦੂ ਤੇ ਮੁਸਲਮਾਨ ਭਰਾਵਾਂ ਤਾਈ ਸਿੱਖੀ ਦਾ ਪ੍ਰਚਾਰ ਜੋ ਗੁਰੂ ਸਾਹਿਬਾਂ ਨੇ ਉਲੀਕਿਆ ਸੀ ਸਹੀ ਢੰਗ ਨਾਲ ਨਹੀਂ ਪਹੁੰਚਾਇਆ ਜਾ ਰਿਹਾ। ਹੋ ਸਕਦਾ ਹੈ ਸਾਡੇ ਪ੍ਰਚਾਰਕ ਜਾਂ ਆਮ ਸਿੱਖਾਂ ਦਾ ਮਿਆਰ ਏਨਾ ਸੁੱਚਾ ਤੇ ਉੱਚਾ ਨਹੀਂ ਰਿਹਾ ਜਿਸ ਨਾਲ ਹਿੰਦੂ ਜਾਂ ਮੁਸਲਮਾਨ ਪ੍ਰਭਾਵਤ ਹੋਣ। ਅਸੀਂ ਹੁਣ ਕੇਵਲ ਦੌਲਤ ਤੇ ਕੁਰਸੀ ਦੇ ਪਿੱਛੇ ਦੌੜਦੇ ਹਾਂ ਸੱਚ ਦੇ ਉਪਾਸ਼ਕ ਨਹੀਂ ਰਹੇ। ਸਰਬਤ ਦੇ ਭਲੇ ਦਾ ਅਸੂਲ ਛੱਡ ਕੇ ਆਪਣਾ ਭਲਾ ਹੀ ਸਾਡੀ ਸੋਚ ਹੈ। ਸਾਡੀਆਂ ਸੇਧ ਦੇਣ ਵਾਲੀਆਂ ਸੰਸਥਾਵਾਂ ਦੀ ਸੋਚ ਵੀ ਕੁਝ ਇੱਦਾਂ ਦੀ ਹੀ ਬਣ ਗਈ ਹੈ ਕਿ ਆਪਣਾ ਆਪ ਕਾਇਮ ਰੱਖੋ ਚਾਹੇ ਪਿਆਰ/ਇੱਜ਼ਤ ਦੀ ਬਜਾਏ ਨਫਰਤ ਦਾ ਹੀ ਬੋਲ ਬਾਲਾ ਬਣ ਜਾਵੇ। ਅਸੂਲਾਂ ਤੇ ਮਰਯਾਦਾ ਨੂੰ ਇੱਕ ਲਿਖਤੀ ਰੂਪ ਵਿੱਚ ਹੀ ਬੰਦ ਰੱਖਣਾ ਠੀਕ ਸਮਝਿਆ ਜਾਣ ਲੱਗ ਪਿਆ ਹੈ। ਕਿਸੇ ਦੂਸਰੇ ਮਜ਼ਹਬ ਜਾਂ ਅਕੀਦੇ ਦੇ ਵਿਅਕਤੀਆਂ ਨੂੰ ਆਪਣੇ ਨਾਲ ਲੈ ਕੇ ਚਲਨ ਵਿੱਚ ਡਰ ਲਗਨ ਲਗ ਪਿਆ ਹੈ। ਮਤਾਂ ਕਿ ਅਗਲਾ ਸਾਨੂੰ ਆਪਣੇ ਵਿੱਚ ਹੀ ਨ ਸਮੇਟ ਲਵੇ ਤੇ ਸਾਡੀ ਹੋਂਦ ਜਾਂਦੀ ਰਹੇ। ਜੇ ਸਾਡੇ ਸਿੱਖਾਂ ਦੇ ਅਸੂਲ ਤਗੜੇ ਹਨ, ਸਰਬੱਤ ਦੇ ਭਲੇ ਲਈ ਹਨ, ਕਮਾਈ ਸੁੱਚੀ ਤੇ ਮਿਯਾਰ ਉੱਚਾ ਹੈ ਤਾਂ ਸਾਨੂੰ ਕਾਹਦਾ ਡਰ ਹੈ? ਦੂਸਰਿਆਂ ਨੂੰ ਆਪਣੀ ਏਕਤਾ ਦਾ ਤੇ ਉੱਚੇ ਅਸੂਲਾਂ ਦਾ ਮਜੱਸਮਾ ਬਣ ਕੇ ਦਿਖਾਉ ਤਾਂ ਦੇਖੋ ਰਿਧਿ ਸਿਧਿ ਤੁਹਾਡੇ ਅੱਗੇਪਿੱਛੇ ਘੁੰਮਦੀ ਹੋਵੇਗੀ।

ਅੱਜਕਲ੍ਹ ਅਸੀਂ ਸੰਤਾਂ ਦੇ ਜਨਮ ਦਿਹਾੜੇ ਬਹੁਤ ਧੂਮਧਾਮ ਨਾਲ ਮਨਾਉਂਦੇ ਹਾਂ। ਕਈ ਕਈ ਦਿਨ ਪਾਠਾਂ ਤੇ ਕੀਰਤਨ ਦੀਆਂ ਲੜੀਆਂ ਲੱਗੀਆਂ ਰਹਿੰਦੀਆਂ ਹਨ, ਲੰਗਰ ਅਤੁੱਟ ਵਰਤਦਾ ਰਹਿੰਦਾ ਹੈ, ਸਥਾਨੀਆ ਜਲੂਸ ਵੀ ਨਿਕਲਦੇ ਹਨ। ਗੁਰਪੁਰਬਾਂ ਤੋਂ ਵੀ ਵਧ ਰੌਣਕਾਂ ਲੱਗਦੀਆਂ ਹਨ। ਪਰੰਤੂ ਜਿਨ੍ਹਾਂ ਸੰਤਾਂ, ਭਗਤਾਂ ਬ੍ਰਹਮ ਗਿਆਨੀਆਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਹੈ, ਜਿਸ ਨੂੰ ਅਸੀਂ ਆਪਣਾ ਇਸ਼ਟ ਮੰਨਦੇ ਹੋਏ ਸੀਸ ਨਿਵਾਉਂਦੇ ਹਾਂ, ਪੂਜਾ ਕਰਦੇ ਹਾਂ, ਉਹਨਾਂ ਦੇ ਜਨਮ ਦਿਹਾੜੇ ਸੁੱਕੇ ਪੁੱਕੇ ਹੀ ਲੰਘ ਜਾਂਦੇ ਹਨ! ਇਹਨਾਂ ਦਿਹਾੜਿਆਂ ਤੇ ਗੁਰਦੁਆਰਿਆਂ ਵਿੱਚ ਪਾਠ/ਕੀਰਤਨ ਦਾ ਲੰਗਰ ਵੀ ਮਸਤਾਨਾ ਜਿਹਾ ਹੀ ਹੁੰਦਾ ਹੈ। ਇਹਨਾਂ ਹੱਸਤੀਆਂ ਦੀ ਜ਼ਿੰਦਗੀ ਤੇ ਪ੍ਰਚਾਰ ਪ੍ਰਤੀ ਕੋਈ ਰੀਸੱਰਚ ਦਾ ਉਪਰਾਲਾ ਨਾ ਹੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਂ ਕਿਸੇ ਹੋਰ ਸੰਸਥਾ (ਪੰਜਾਬੀ ਯੂਨੀਵਰਸਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ) ਵਲੋਂ ਕੀਤਾ ਜਾ ਰਿਹਾ ਹੈ, ਪਤਾ ਨਹੀਂ ਇਹ ਕਿਉਂ?

ਅੱਜਕਲ ਰੀਸਰਚ (ਖੋਜ) ਦੇ ਯੁਗ ਵਿੱਚ ਜ਼ਰੂਰਤ ਹੈ ਕਿ ਭਾਈ ਮਰਦਾਨਾ ਤੇ ਉਸ ਦੇ ਵੰਸ਼ ਦੀ ਘਾਲਣਾ, ਪਿਆਰ ਤੇ ਸੇਵਾ ਨੂੰ ਫਿਰ ਸੁਰਜੀਤ ਕੀਤਾ ਜਾਵੇ ਤਾਂ ਜੋ ਗੁਰੂ ਸਾਹਿਬਾਂ ਦੇ ਵੇਲੇ ਦੀ ਸੰਗੀਤ ਸ਼ੈਲੀ ਪੁਰਾਣੇ ਤੰਤੀ ਸਾਜ਼ਾਂ ਰਾਹੀਂ ਪ੍ਰਫੁਲਤ ਹੋਵੇ ਤੇ ਮਜ਼ਹਬਾਂ ਦਾ ਵਿਤਕਰਾ ਦੂਰ ਹੋਵੇ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜੋ ਗੈਰ ਸਿੱਖਾਂ ਤੇ ਗੁਰਦੁਆਰਿਆਂ ਵਿੱਚ ਕੀਰਤਨ ਕਰਨ ਦੀ ਰੋਕ ਲਗਾਈ ਹੋਈ ਹੈ, ਨੂੰ ਹਟਾਇਆ ਜਾਵੇ ਤਾ ਜੋ ਦੂਸਰੇ ਮਜ਼ਹਬ ਦੇ ਲੋਕ ਵੀ ਗੁਰੂ ਸਿੱਖਿਆ ਵੱਲ ਪ੍ਰੇਰਤ ਹੋ ਸਕਣ, ਸਿੱਖੀ ਹੋਰ ਵਧੇ ਤੇ ਮਜ਼ਹਬੀ ਦਰਾੜਾਂ ਘਟਣ। ਗੁਰੂ ਗ੍ਰੰਥ ਸਾਹਿਬ ਵਿੱਚ 7 ਮੁਸਲਮਾਨ ਸੰਤਾਂ ਫਕੀਰਾਂ (ਭਗਤ ਕਬੀਰ ਜੀ, ਫਰੀਦ ਜੀ, ਸਧਨਾ ਜੀ, ਭੀਖਣ ਜੀ, ਮਰਦਾਨਾ ਜੀ, ਸੱਤਾ ਜੀ ਤੇ ਬਲਵੰਡ ਜੀ) ਦੀ ਬਾਣੀ ਹੈ ਜਿਸ ਨੂੰ ਅਸੀਂ ਰੋਜ਼ ਪੜ੍ਹਦੇ ਹਾਂ ਰਹਿਸ ਲੈਂਦੇ ਹਾਂ। ਉਸ ਰਾਹੀਂ ਰੱਬੀ ਪ੍ਰਚਾਰ ਕਰਨ ਲਈ ਜ਼ਰੂਰੀ ਹੈ ਕਿ ਸਾਲ ਵਿੱਚ ਇੱਕ ਵਾਰ ਅੰਮ੍ਰਿਤਸਰ ਜਾਂ ਪਟਿਆਲਾ ਜਾਂ ਚੰਡੀਗੜ੍ਹ ਜਾਂ ਦਿੱਲੀ ਵਿਖੇ ਵਿਸ਼ੇਸ਼ ਤੌਰ ਤੇ ਕੀਰਤਨ ਦਰਬਾਰ ਕਰਵਾਏ ਜਾਣ। ਸਾਰੇ ਵਿਸ਼ਵ ਵਿੱਚੋਂ ਕੀਰਤਨੀਆਂ ਤੇ ਸ਼ਰਧਾਲੂਆਂ ਨੂੰ ਸੱਦੇ ਦਿੱਤੇ ਜਾਣ ਤੇ ਉਹਨਾਂ ਦੀ ਸੇਵਾ ਨੂੰ ਭਲੀਭਾਂਤ ਸਤਿਕਾਰਿਆ ਜਾਵੇ। ਮੁਸਲਮਾਨ ਸੰਤਾਂ/ਫਕੀਰਾਂ ਤੇ ਹੋਰ ਜਿਨ੍ਹਾਂ ਨੇ ਗੁਰੂ ਸਾਹਿਬਾਂ ਪ੍ਰਤੀ ਕੁਰਬਾਨੀਆਂ ਕੀਤੀਆਂ ਹਨ, ਦੀ ਕਿਸੇ ਇੱਕ ਯੂਨੀਵਰਸਿਟੀ ਵਿੱਚ ਚੇਅਰ (chair) ਸਥਾਪਤ ਕੀਤੀ ਜਾਵੇ ਜਿੱਥੇ ਇਹਨਾਂ ਦੀ ਜੀਵਨੀ, ਬਾਣੀ, ਪਿਆਰ ਤੇ ਕੁਰਬਾਨੀ ਤੇ ਭਰਪੂਰ ਖੋਜ ਹੋ ਸਕੇ। ਇਸ ਤਰ੍ਹਾਂ ਪਤਾ ਲੱਗੇਗਾ ਕਿ ਗੁਰੂ ਨਾਨਕ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਤੇ ਗੁਰੂ ਗਰੰਥ ਸਾਹਿਬ ਸਾਰੇ ਵਿਸ਼ਵ ਦੇ ਸਾਂਝੇ ਗੁਰੂ ਹਨ ਤੇ ਉਹਨਾਂ ਦੀ ਸਿੱਖਿਆ ਵੀ ਮਨੁੱਖ ਜਾਤੀ ਲਈ ਸਾਂਝੀ ਹੈ। ☬

# ਸਫਲ ਜੀਵਨ

## ਡਾ. ਸੁਰਜੀਤ ਸਿੰਘ 'ਕੁੰਜਾਹੀ'

870, ਸੈਕਟਰ 15, ਫਰੀਦਾਬਾਦ

ਸਿੱਖ ਧਰਮ, ਸਮੁੱਚੇ ਮਾਨਵ ਜਗਤ ਵਿੱਚ ਇੱਕ ਮਸ਼ਾਲ ਬਣਕੇ ਜੀਵਨ ਦੇ ਸਵੱਛ ਪਟਲ ਉੱਤੇ ਰੌਸ਼ਨੀ ਖਲਾਰਦਾ, ਵਾਹਿਗੁਰੂ ਦੇ ਵਿਸ਼ਾਲ ਪਾਸਾਰੇ ਦੀ ਝਲਕ ਵਖਾਂਦਾ, ਮਾਨਵ ਜਨਮ ਨੂੰ ਨਿਖਾਰਦਾ ਹੋਇਆ ਪਿਛਲੇ ਪੰਜ ਸੌ ਵ੍ਹਰਿਆਂ ਤੋਂ ਸੁਰਜੀਤ ਹੈ। ਮਾਨਵ ਕਿਸੇ ਵੀ ਜਾਤੀ, ਧਰਮ, ਪ੍ਰਾਂਤ ਜਾਂ ਦੇਸ਼ ਦਾ ਹੋਵੇ, ਸਿੱਖ ਵਿਚਾਰਧਾਰਾ ਉਸ ਦੀ ਅਧਿਆਤਮਕ ਜਾਗਰੂਕਤਾ ਨੂੰ ਹੋਰ ਉਜਾਗਰ ਕਰਦੀ ਹੋਈ ਉਸ ਨੂੰ ਆਪਣੀ ਪਹਿਚਾਨ ਕਰਵਾਉਣ ਵਿੱਚ ਸਦੀਵੀ ਸਹਾਈ ਹੋਈ ਹੈ।

> ਡਾ. ਸੁਰਜੀਤ ਸਿੰਘ ਕੁੰਜਾਹੀ, B.Sc., MBBS, PGDHA, Ex-AMC ਦਾ ਜਨਮ ਪਿਤਾ ਸ੍ਰ. ਲਾਭ ਸਿੰਘ ਭਾਟੀਆ ਅਤੇ ਮਾਤਾ ਬੀਬੀ ਪ੍ਰਕਾਸ਼ ਕੌਰ ਦੇ ਘਰ ਕੁੰਜਾਹ, ਜਿਲ੍ਹਾ ਗੁਜਰਾਤ (ਪਾਕਿਸਤਾਨ) ਵਿਖੇ 6 ਜਨਵਰੀ, 1940 ਨੂੰ ਹੋਇਆ।
>
> ਆਪ 1965 ਤੋਂ 1996 ਤੱਕ ਏਅਰ ਫੋਰਸ ਵਿੱਚ ਨੌਕਰੀ ਕਰਦੇ ਰਹੇ। ਆਪ ਕਵਿਤਾ ਕਹਾਣੀ ਅਤੇ ਧਾਰਮਿਕ ਲੇਖ ਪੰਜਾਬੀ, ਉਰਦੂ ਅਤੇ ਅੰਗਰੇਜ਼ੀ ਵਿੱਚ ਲਿਖਦੇ ਹਨ। ਪ੍ਰਕਾਸ਼ਿਤ ਪੁਸਤਕ : *ਘੁੱਗੂ ਘੋੜੇ* (ਕਵਿਤਾ-ਬੰਦ)।

ਅੱਜ ਦੇ ਅਗਾਂਹ ਵਧੂ ਯੁੱਗ ਨੂੰ ਸਿੱਖ ਵਿਚਾਰਧਾਰਾ ਦਾ ਯੋਗਦਾਨ ਇੱਕ ਵਰਦਾਨ ਸਿੱਧ ਹੋਇਆ ਹੈ। ਵਿਗਿਆਨ ਦੇ ਅਗਾਂਹ ਵਧ ਰਹੇ ਕਦਮਾਂ ਵਿੱਚ ਜਿਸ ਚੇਤਨਾ ਦੀ ਸ਼ਕਤੀ ਪ੍ਰਬਲ ਹੈ, ਉਸ ਦੇ ਅਧਿਆਤਮਕ ਸੈਂਟਰ ਵਿੱਚ ਗੁਰੂਘਰ ਦੀ ਵਿਸ਼ਾਲ ਜੋਤੀ ਰੋਸ਼ਨ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਸਾਰੇ ਗੁਰੂ ਉਪਦੇਸ਼ਾਂ ਵਿੱਚ ਕੁਦਰਤ ਪ੍ਰਧਾਨ ਹੈ। ਇਸ ਮਹਾਨ ਗਿਆਨ ਪ੍ਰਕਾਸ਼ ਨੂੰ ਵੱਖ-ਵੱਖ ਪੱਖਾਂ ਤੋਂ ਵਾਚਨ ਵਾਲੀਆਂ ਪਿਆਸੀਆਂ ਰੂਹਾਂ ਨੇ ਰੱਜ ਰੱਜ ਆਨੰਦ ਮਾਣੇ ਹਨ। ਵਿਗਿਆਨੀ ਵੀ ਇੱਕ ਪ੍ਰਕਾਰ ਦੇ ਕੁਦਰਤ ਆਸ਼ਕ ਹੋਇਆ ਕਰਦੇ ਹਨ। ਹਰ ਖੋਜ ਦਾ ਆਧਾਰ ਜਿਗਿਆਸਾ ਹੋਇਆ ਕਰਦੀ ਹੈ। ਸ਼ਰਧਾ ਇੱਕ ਅਤੁੱਟ ਵਿਸ਼ਵਾਸ਼ ਦਾ ਨਾਮ ਹੈ। ਇਹ ਕਿਸੇ ਪੁਖਤਾ ਸੋਚ ਦਾ ਸਿੱਟਾ ਹੋਇਆ ਕਰਦੀ ਹੈ। ਸ਼ਰਧਾ ਹੀ ਸਾਰੇ ਅਧਿਆਤਮਕ ਖੇਲ ਦਾ ਮੂਲ ਨਿਯਮ ਹੈ। ਇਸ ਦੇ ਠੋਸ ਆਧਾਰ ਉੱਤੇ ਹੀ ਜਿਗਿਆਸਾ ਦੇ ਪੱਥਰ ਰੱਖ ਕੇ ਇਸ ਇਮਾਰਤ ਦੀ ਨੀਂਹ ਰੱਖੀ ਜਾਂਦੀ ਹੈ। ਸੰਸਾਰ ਦੇ ਮਹਾਨ ਵਿਗਿਆਨੀਆਂ ਨੂੰ ਸੂਝਵਾਨਾਂ ਦੀ ਅਗਲੀ ਕਤਾਰ ਵਿੱਚ ਖਲੋਤਾ ਵੇਖ ਹਰ ਸ਼ਰਧਾਲੂ ਉਹਨਾਂ ਨੂੰ ਨਮਨ ਕਰਦਾ ਹੈ। ਇਹੋ ਸਿਰੜੀ ਸਿਦਕਵਾਨ ਪ੍ਰਮਾਤਮਾ ਦੇ ਅਸੀਮਤ ਭੰਡਾਰਾਂ ਵਿੱਚੋਂ ਅਲਗ ਅਲਗ ਸਮੇਂ ਤੋਂ ਘੋਖਾਂ ਘੋਖ ਕਈ ਭਰਮਾਂ ਦੇ ਪੜ੍ਹਦੇ ਫਾਸ਼ ਕਰਦੇ ਆਏ ਹਨ। ਜੇ ਕਿਸੇ ਅੰਧਵਿਸ਼ਵਾਸ ਵਿਰੁੱਧ ਆਵਾਜ਼ ਲਗਾਕੇ ਇਹ ਕਿਹਾ ਕਿ ਧਰਤੀ ਗੋਲ ਹੈ ਅਤੇ ਇਹ ਆਪਣੇ ਧੁਰੇ ਤੇ ਲਗਾਤਾਰ ਗਤੀਸ਼ੀਲ ਹੁੰਦੇ ਹੋਏ ਸੂਰਜ ਦੀ ਪ੍ਰਕਰਮਾ ਬਾਰਾਂ ਮਹੀਨਿਆਂ 'ਚ ਪੂਰੀ ਕਰ ਲੈਂਦੀ ਹੈ, ਤਾਂ ਉਸ ਮਹਾਨ ਵਿਗਿਆਨੀ ਨੂੰ ਆਪਣੀ ਸਚ ਬਿਆਨੀ ਲਈ ਕੁਰਬਾਨ ਹੋਣਾ ਪਿਆ। ਧਰਮ ਦੀ ਰਾਹ ਤੇ ਚਲਨ ਵਾਲਿਆਂ ਨੂੰ ਵੀ ਇਸ ਪ੍ਰਕਾਰ ਦੀਆਂ ਕੁਰਬਾਨੀਆਂ ਦੇਣੀਆਂ ਪਈਆਂ। ਇਤਿਹਾਸ ਆਪਣੇ ਮੂੰਹੋਂ ਇਸ ਗੱਲ ਦੀ ਗਵਾਹੀ ਦੇ ਰਿਹਾ ਹੈ। ਕਿ ਸੱਚ ਖੋਜੀ ਸਿਰੜੀ ਹੋਇਆ ਕਰਦੇ ਹਨ। ਉਹਨਾਂ ਦਾ ਸਿਦਕ ਮਾਇਆ ਜਾਲ ਦੇ ਆਡੰਬਰੀ ਮਦਾਰੀਆਂ ਦਾ ਮੁਹਤਾਜ ਨਹੀਂ ਹੋਇਆ ਕਰਦਾ। ਉਹ ਤਾਂ ਪ੍ਰੇਮ ਕਰਦੇ ਹਨ ਸੱਚ ਨਾਲ। ਪ੍ਰੇਮ ਦੀ ਖੇਡ ਖੇਡਣ ਵਾਲਿਆਂ ਦੇ ਚਾਓ ਬੜੇ ਮਹਿੰਗੇ ਹੋਇਆ ਕਰਦੇ ਹਨ। ਤਲੀ ਤੇ ਸਿਰ ਰੱਖ ਕੇ ਘਰੋਂ ਨਿਕਲੇ ਇਹ ਸੂਰਬੀਰ ਤੇਗ ਦੇ ਧਨੀ, ਜ਼ਬਾਨ ਦੇ ਸਤੀ ਅਤੇ ਵਿਸ਼ਵਾਸ ਦੇ ਪੱਕੇ ਹੁੰਦੇ ਹੋਏ ਮਨੁੱਖੀ ਦਰਦ ਦੀ ਪਹਿਚਾਣ ਰੱਖਦੇ ਹਨ। ਇਹ ਦੂਜੇ ਲਈ ਕੁਰਬਾਨ ਹੋ ਜਾਣ ਵਾਲੇ, ਹੱਥੀਂ ਕਿਰਤ ਕਰਕੇ ਵੰਡ ਛਕਣ ਵਾਲੇ ਬਾਂਕੇ ਬਲਵਾਨ ਗੁਰੂ ਦੀ ਸਿੱਖਿਆ ਨਾਲ ਹੋਰ ਨਿਮਰ ਤੇ ਸਿਦਕੀ ਬਣ ਜਾਇਆ ਕਰਦੇ ਹਨ।

ਵਿਗਿਆਨੀਆਂ ਦੇ ਤਪ ਅਤੇ ਸਾਧਨਾ ਦੇ ਲੰਮੇ ਜਗਰਾਤੇ, ਸਾਲਾਂ ਤੱਕ ਪਸਰ ਜਾਂਦੇ ਹਨ। ਹਜ਼ਾਰਾਂ ਅੜਚਨਾ ਅਤੇ ਉਤਸ਼ਾਹ ਮਾਰੂ ਲਮਹੇ ਅਚਾਨਕ ਸਾਮ੍ਹਣੇ ਆ ਖਲੋਂਦੇ ਹਨ। ਵਾਹਿਗੁਰੂ ਦੇ ਸਿਮਰਨ ਵਿੱਚ ਲੱਗੇ ਤਪੀਸਰਾਂ ਦੇ ਮਨ ਅੰਦਰ ਵੀ ਇਹੋ ਜਿਹੀਆਂ ਕਈ ਅੜਚਨਾ ਰਸਤਾ ਰੋਕ ਖਲੋਂਦੀਆਂ ਹਨ। ਗਿਆਨੀਆਂ ਅਤੇ ਵਿਗਿਆਨੀਆਂ ਦੇ ਰਸਤੇ ਇਸ ਪ੍ਰਕਾਰ ਦੇ ਕੰਡਿਆਂ ਦੀ ਚੁਭਨ ਕਰਕੇ ਬਿਖੜੇ ਗੱਖੜ ਬਣ ਬਹਿੰਦੇ ਹਨ। ਸਿਦਕ ਤੇ ਸਾਧਨਾਂ ਦੀ ਪਿਛੋਕੜ ਹਰ ਅਉਖੀ ਘੜੀ ਤੇ ਨਵੀਂ ਸ਼ਕਤੀ ਪ੍ਰਦਾਨ ਕਰਕੇ ਇਨ੍ਹਾਂ ਨੂੰ ਆਹਰੇ ਲਾਈ ਰੱਖਦੀ ਹੈ।

ਗੁਰੂ ਸਾਹਿਬਾਨ ਨੇ ਜਿੱਥੇ ਕਾਦਰ ਤੇ ਕੁਦਰਤ ਦੀ ਮਹਾਨਤਾ ਦੀ ਪਹਿਚਾਨ ਕਰਵਾਈ ਉੱਥੇ ਆਮ ਵਰਤੋਂ ਵਿੱਚ ਆਉਣ ਵਾਲੀਆਂ ਇਨਸਾਨੀ ਕਦਰਾਂ ਬਾਰੇ ਵੀ

ਜ਼ੋਰ ਪਾਇਆ ਹੈ। ਮਨੁੱਖ ਦੇ ਸਾਰੇ ਸੁਭੌਕੀ ਪਹਿਲੂ, ਸਮਾਜ ਵਿੱਚ ਸੁਖਾਵਾਂ ਮਾਹੌਲ ਬਣਾ ਕੇ ਵਾਹਿਗੁਰੂ ਦੀ ਬਣਾਈ ਸ੍ਰਿਸ਼ਟੀ ਵਿੱਚ ਕਿਵੇਂ ਸਹਾਈ ਹੋ ਸਕਦੇ ਹਨ, ਇਸ ਗਲ ਦਾ ਉਚੇਚਾ ਧਿਆਨ ਰੱਖਿਆ ਗਿਆ ਹੈ। ਗੁਰੂ ਸਾਹਿਬਾਨ ਨੇ ਆਪਣੀ ਗਲ ਮਨਵਾਣ ਲਈ ਕਿਸੇ ਤੇ ਕੋਈ ਜ਼ੋਰ ਨਹੀਂ ਪਇਆ। ਮੁਸਲਮਾਨ ਨੂੰ ਚੰਗਾ ਮੁਸਲਮਾਨ ਤੇ ਹਿੰਦੂ ਨੂੰ ਚੰਗਾ ਹਿੰਦੂ ਬਣਨ ਦੀ ਸਲਾਹ ਦਿੱਤੀ ਗਈ ਹੈ। ਚੰਗਾ ਇਨਸਾਨ ਹਰ ਉਸ ਚੰਗਿਆਈ ਨੂੰ ਗ੍ਰਹਿਣ ਕਰ ਲਵੇ, ਜਿਸ ਦੀ ਹੋਂਦ ਪੁਸ਼ਟੀ ਦੀ ਪੱਧਰ ਤੇ ਖਰੀ ਉਤਰੀ ਹੋਵੇ। ਸਿੱਖ ਧਰਮ ਕਿਸੇ ਵੀ ਉਚੇਚੇ ਆਡੰਬਰ ਲਈ ਉਤਸ਼ਾਹਿਤ ਨਹੀਂ ਕਰਦਾ। ਰੱਬ ਕੇਵਲ ਕਰਮ ਕਾਂਡਾਂ ਜਾਂ ਚਲੀਹੇ ਕੱਟਨ ਵਾਲਿਆਂ ਦੀ ਗੁਲਾਮੀ ਨਹੀਂ ਕਰਦਾ। ਵਾਹਿਗੁਰੂ ਸਰਬੱਤ ਦਾ ਘੜਨ ਵਾਲਾ ਤੇ ਪਾਲਨਾ ਕਰਨ ਵਾਲਾ ਕਰਤਾ ਪੁਰਖ ਵਾਹਿਗੁਰੂ ਆਪ ਹੈ। ਉਸ ਲਈ ਕਿਸੇ ਵਿਅਕਤੀ ਵਿਸ਼ੇਸ਼ ਦੇ ਬਾਹਰੀ ਰੂਪ ਤੇ ਤੁੱਠ ਜਾਣ ਵਾਲੀ ਗੱਲ ਸਿੱਖ ਵਿਚਾਰਧਾਰਾ ਨਹੀਂ ਮੰਨਦੀ। ਵਾਹਿਗੁਰੂ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲਾ ਕਿਸੇ ਵੀ ਮੁਸੀਬਤ ਦਾ ਹੱਸ ਕੇ ਮੁਕਾਬਲਾ ਕਰ ਸਕਦਾ ਹੈ। ਸਿੱਖ ਧਰਮ ਇਸ ਪ੍ਰਕਾਰ ਇੱਕ ਨਵੇਕਲਾ ਪੰਥ ਹੁੰਦਾ ਹੋਇਆ ਵੀ ਸਭ ਲਈ ਸਾਂਝੀਵਾਲਤਾ ਦਾ ਸੰਦੇਸ਼ ਦੇਂਦਾ ਹੈ। ਗੁਰੂ ਸਾਹਿਬ ਸਾਂਝੀਵਾਲਤਾ ਬਾਰੇ ਕਹਿੰਦੇ ਹਨ -

*ਸਭੇ ਸਾਂਝੀਵਾਲ ਸਦਾਇਨ ਕੋਇਨ ਦਿਸੈ ਬਾਹਰਾ ਜੀਓ॥*

ਮਨੁੱਖੀ ਇਤਿਹਾਸ ਵਿੱਚ ਧਾਰਮਕ ਪੱਖ ਤੋਂ ਵਿਲੱਖਣਤਾ ਅਤੇ ਧਰਮ ਦੇ ਨਾਮ ਤੇ ਹੋਏ ਕਈ ਝਗੜੇ ਸਦੀਆਂ ਦੇ ਲੰਮੇ ਸਮੇਂ ਤੇ ਅੰਕਿਤ ਹਨ। ਇੱਕ ਹੀ ਮੱਤ ਦੇ ਅਲੱਗ ਅਲੱਗ ਪੱਖੀ ਇੱਕ ਦੂਜੇ ਦੇ ਲਹੂ ਚ ਨਹਾਂਦੇ ਰਹੇ ਹਨ। ਧਾਰਮਕ ਲੜਾਈਆਂ ਸਮਾਜਾਂ ਵਿੱਚ ਬੇਚੈਨੀ ਦੇ ਕਾਰਨ ਬਣਦੀਆਂ ਰਹੀਆਂ ਹਨ। ਧਰਮ ਦੇ ਆਪਸੀ ਵਿਰੋਧਾਂ ਨੇ ਮਨੁੱਖ ਮਨੁੱਖਾਂ ਤੋਂ ਅੱਡਰੇ ਕੀਤੇ ਹਨ। ਧਾਰਮਕ ਕੱਟਰਤਾ ਨੇ ਮਨੁੱਖੀ ਸੁਭਾਓ ਵਿੱਚ ਟਕਰਾਓ ਦਾ ਰਸਤਾ ਖੋਲ੍ਹਿਆ ਹੈ। ਇਹ ਕੇਵਲ ਸਿੱਖ ਧਰਮ ਦਾ ਅਸਲ ਸਰੂਪ ਹੈ ਜਿਸ ਨੇ ਮਨੁੱਖ ਨੂੰ ਮਨੁੱਖ ਨਾਲ ਜੋੜਿਆ ਹੈ। ਸਮਾਜਿਕ ਭਾਈਚਾਰਾ, ਆਪਸੀ ਮਿਲਵਰਤਨ ਅਤੇ ਸਾਂਝੀਵਾਲਤਾ ਦਾ ਸੰਦੇਸ਼, ਸਿੱਖ ਧਰਮ ਦਾ ਧਾਰਮਕ ਸਰੂਪ; ਅੱਜ ਦੇ ਭਾਜੜ ਮਾਰੇ ਸੰਸਾਰ ਲਈ ਸੰਜੀਵਨੀ ਬੂਟੀ ਤੁਲ ਹੈ। ਸਿੱਖ ਗੁਰੂ ਸਾਹਿਬਾਨ ਨੇ ਨੀਚ ਊਚ, ਛੂਆਛਾਤ ਅਤੇ ਹਿੰਦੂ ਮੁਸਲਮਾਨ ਦੇ ਤਰਕ ਮਾਰ ਮੁਕਾਏ। ਸਾਰੇ ਸੰਸਾਰ ਦੇ ਸਾਂਝੇ ਮੁੱਦੇ ਲੈ ਕੇ ਮਨੁੱਖਾਂ ਨੂੰ ਇਨਸਾਨੀਅਤ ਦੇ ਰਾਹ ਤੇ ਚਲਣ ਦੇ ਸੌਖੇ ਰਸਤੇ ਵਖਾਏ ਹਨ।

ਪਰ ਅਫਸੋਸ ਹੈ ਕਿ ਅੱਜ ਮਨੁੱਖਤਾ ਦੀ ਰਹਿਨੁਮਾਈ ਕਰਨ ਵਾਲਾ ਸਿੱਖ ਪੰਥ ਆਪਣੇ ਹੀ ਆਗੂਆਂ ਦੀ ਅਗਿਆਨਤਾ ਕਾਰਨ ਸੰਸਾਰ ਦੇ ਲੋਕਾਂ ਲਈ ਇੱਕ ਸਵਾਲੀਆ ਨਿਸ਼ਾਨ ਬਣ ਗਿਆ ਹੈ। ਸਿੱਖ ਜੀਵਨ ਦੇ ਸਾਧੂ ਸਰੂਪ ਨਿਰਲੇਪ ਅਤੇ ਜਗਤ ਵਿਆਪੀ ਸ਼ੁਭਚਿੰਤਕ ਰੂਪ ਨੂੰ ਵੱਖਰਾ ਰੰਗ ਲੱਗ ਰਿਹਾ ਹੈ। ਸਿੱਖ ਸੰਸਥਾਵਾਂ ਵਿੱਚ ਕੁਫਰ ਤੇ ਕੂੜ ਆ ਵੜੇ ਹਨ। ਸਾਧੂ ਸਰੂਪ ਲੁਟੇਰੇ ਮਾਫੀਏ ਬਣ ਰਹੇ ਹਨ। ਚੰਦ ਇੱਕ ਵਿਚਾਰਵਾਨ ਉੱਦਮ ਕਰ ਰਹੇ ਹਨ ਕਿ ਇਹ ਕੂੜ ਦੀ ਸੱਦ ਤੇ ਕਾਬੂ ਪਾਇਆ ਜਾ ਸਕੇ। ਬਹੁਤੀ ਸੰਗਤ ਇਸ ਲੱਗ ਰਹੀ ਢਾਹ ਪ੍ਰਤੀ ਚਿੰਤਤ ਹੈ। ਸੰਗਤ ਸਮੂਹ ਹੀ ਗੁਰੂ ਸਾਹਿਬਾਨ ਦੀ ਰੂਹ ਹੈ। ਇਸ ਲਈ ਸਾਰੇ ਸਿੱਖ ਜਗਤ ਵਿੱਚ ਹਰ ਗੁਰੂ ਨਾਮ ਲੇਵਾ ਨੂੰ ਬੇਨਤੀ ਹੈ ਕਿ ਉਹ ਆਪਣੇ ਆਪਣੇ ਇਲਾਕੇ ਵਿੱਚ ਆਗੂਆਂ ਪ੍ਰਤੀ ਜਾਗਰੂਕ ਹੋ ਜਾਣ। ਗੁਰਦੁਆਰਿਆਂ ਵਿੱਚ ਵੜ ਰਹੀ ਮਨਮਤ ਨੂੰ ਰੋਕਣ। ਸਾਦੇ ਸਰੂਪ, ਨਿਰਵੈਰ, ਨਿਰਪੱਖੀ ਗੁਰਸਿੱਖ ਗੁਰੂ ਦੇ ਮਨੁੱਖ ਵਾਦੀ ਸੰਦੇਸ਼ਾਂ ਨੂੰ ਜੀਵਨ ਵਿੱਚ ਢਾਲ ਕੇ ਆਪ ਨਮੂਨਾ ਬਣ ਕੇ ਮਿਸਾਲ ਬਣ ਜਾਣ। ਸਿੱਖ ਵਿਚਾਰਧਾਰਾ ਸਾਰੀ ਲੁਕਾਈ ਲਈ ਜੇ ਸੰਜੀਵਨੀ ਹੈ ਤਾਂ ਆਪ ਸਿੱਖ ਸਮਾਜ ਇਸ ਦਾ ਸੇਵਨ ਕਿਉਂ ਨਹੀਂ ਕਰਦਾ। ਸਾਰੀ ਮਾਨਵ ਜਾਤੀ ਨੂੰ ਪਿਆਰ ਕਰੋ। ਆਪਣੇ ਘਰੋਂ ਕੁਰਾਹੇ ਪਏ ਨੌਜਵਾਨਾਂ ਨੂੰ ਦੁਤਕਾਰਨ ਦੀ ਬਜਾਇ ਪ੍ਰੇਮ ਦਾ ਗੀਤ ਗਾਕੇ ਉਨ੍ਹਾਂ ਨੂੰ ਗਲੇ ਲਗਾਉ। ਪਿਆਰ ਅਤੇ ਮਮਤਾ ਘਰੋਂ ਹੀ ਉਪਜ ਸਕਣ ਵਾਲੀਆਂ ਸ਼ਕਤੀਆਂ ਹਨ। ਗੁਰੂ ਦੇ ਲੜ ਲਗਾਉ ਆਪੇ ਸੁਮੱਤ ਆ ਜਾਵੇਗੀ। ਆਪ ਸਹਿਨਸ਼ੀਲਤਾ ਦਾ ਚਰਨਾਮਤ ਪੀਵੋ। ਆਪਣੇ ਅੰਦਰ ਵਿਸ਼ਵਾਸ਼ ਪੈਦਾ ਕਰੋ ਤੇ ਜੀਵਨ ਨੂੰ ਕਾਰੇ ਲਗਾਉ। ਸਮਾਂ ਐਵੇਂ ਨਾ ਗਵਾਉ। ਨਾਮ ਸਿਮਰਨ ਤੋਂ ਬਚਿਆ ਸਮਾਂ ਸਮਾਜ ਸੇਵਾ ਦੇ ਕੰਮਾਂ 'ਚ ਲਗਾਉ। ਵਿੱਦਿਆ ਨੂੰ ਹਰ ਗਰੀਬ ਬੱਚੇ ਦੀ ਝੋਲ ਪਾਉ। ਜਹਾਲਤ ਹੀ ਬਹੁਤੀਆਂ ਪ੍ਰਚਲਤ ਕੁਰੀਤੀਆਂ ਦੀ ਜਨਨੀ ਹੈ। ਸਵੱਛਤਾ ਸਾਡੇ ਜੀਵਨ 'ਚ ਸਿਹਤਮੰਦ ਮਾਹੌਲ ਬਣਾਏਗੀ। ਘਰ ਦੇ ਕੂੜੇ ਨੂੰ ਵਿਸ਼ੇਸ਼ ਢੰਗ ਨਾਲ ਬਾਹਰ ਕੱਢੋ। ਦੂਜਿਆਂ ਦੇ ਘਰ ਅੱਗੇ ਨਾ ਸੁੱਟੋ। ਗਵਾਂਢੀ ਨਾਲ ਸਨੇਹ ਤੇ ਸਤਿਕਾਰ ਨਾਲ ਪੇਸ਼ ਆਉ। ਸਤਿਕਾਰ ਤੇ ਪਿਆਰ ਦੇਣ ਨਾਲ ਵਾਧਾ ਹੁੰਦਾ ਹੈ। ਗੁਰੂ ਸੰਦੇਸ਼ ਜੀਵਨ 'ਚ ਢਾਲਕੇ ਚੰਗੇ ਸਿੱਖ ਬਣੋ। ਨਾਮਦਾਨ ਇਸ਼ਨਾਨ ਅਤੇ ਸੇਵਾ ਸਿਮਰਨ ਸਦਾਚਾਰ ਦੇ ਗਹਿਣੇ ਪਹਿਨ ਕੇ ਸੁਹਾਗਨ ਰੂਹ ਦੇ ਮਾਲਕ ਬਣੋ। ਵਾਹਿਗੁਰੂ ਭਲੀ ਕਰੇਗਾ। ☬

# ਤਿਨ ਮਹਿ ਰਾਮ ਰਹਿਆ ਭਰਪੂਰ

ਪ੍ਰੋ. ਬਲਵਿੰਦਰ ਸਿੰਘ
658-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ

ਰਾਮ ਸਭਨੀਂ ਥਾਈਂ ਰਮਿਆ ਹੋਇਆ ਹੈ। ਜਲ, ਥਲ ਮਹੀਅਲ ਵਿੱਚ ਉਹ ਭਰਪੂਰ ਹੈ। ਜਿੱਥੇ ਵੀ ਜਾਈਏ ਉਸ ਥਾਂ ਤੇ ਉਹ ਹਾਜ਼ਰ ਹੈ। ਜਿਸ ਧਿਰ ਵੱਲ ਵੇਖੀਏ ਉਹ ਉੱਥੇ ਹੀ ਮੌਜੂਦ ਹੈ। ਇਸ ਪ੍ਰਕਾਰ ਉਹ ਜੀਵ, ਜੰਤੂ, ਚੇਤਨ, ਪਰਬਤ, ਸਾਗਰ, ਧਰਤੀ, ਆਕਾਸ਼, ਪਾਤਾਲ ਤੇ ਸਭਨਾਂ ਭਵਨਾਂ ਵਿੱਚ ਹਰ ਹਾਲਤ ਵਿੱਚ ਵਿਆਪ ਰਿਹਾ ਹੈ। ਸਾਰੀਆਂ ਖਾਣੀਆਂ ਤੇ ਬਾਣੀਆਂ ਉਸਦੀਆਂ ਕੀਤੀਆਂ ਹੋਈ ਹਨ। ਹੁਕਮ ਹੈ:

*ਅੰਡਜ ਜੇਰਜ ਉਤਭੁਜ*
*ਸੇਤਜ ਤੇਰੇ ਕੀਤੇ ਜੰਤਾ॥*
*ਏਕ ਪੁਰਬੁ ਮੈਂ ਤੇਰਾ ਦੇਖਿਆ*
*ਤੂ ਸਭਨਾ ਮਾਹਿ ਰਵੰਤਾ॥*

(ਸੋਰਠ ਮਹਲਾ 1)

ਸਭਨਾਂ ਵਿੱਚ ਜਦ ਉਹ ਰਵਿ ਰਿਹਾ ਹੈ ਤਾਂ ਕਿਹੜੀ ਬਾਣੀ ਹੈ, ਉਹ ਕਿਹੜੀ ਖਾਣੀ ਹੈ, ਜਿਸਦੇ ਪੁਰਖਾਂ ਵਿੱਚ ਰਾਮ ਭਰਪੂਰ ਹੁੰਦਾ ਹੈ। ਇਹ ਉਹ ਵਿਸ਼ੇਸ਼ ਅਵਸਥਾ ਹੈ ਜਿਸ ਵਿੱਚ ਪੁੱਜੇ ਹੋਏ ਪ੍ਰਾਣੀਆਂ ਦੇ ਉੱਤੇ ਵਾਹਿਗੁਰੂ ਦੀ ਮਿਹਰ ਦੀ ਨਜ਼ਰ ਹੋ ਜਾਂਦੀ ਹੈ ਅਤੇ ਉਹਨਾਂ ਵਿੱਚ ਪ੍ਰਤੱਖ ਤੇ ਪ੍ਰਕਾਸ਼ਮਾਨ ਹੋ ਕੇ ਦਿਸਦਾ ਹੈ। ਵਾਹਿਗੁਰੂ ਦੇ ਕਰਮ ਨਾਲ ਸਮਸਾਰ ਪੁਰਖ ਅਤੀ ਗੌਰੇ, ਭਾਰੇ ਤੇ ਗੌਰਵਸ਼ਾਲੀ ਹੁੰਦੇ ਹਨ। ਉਹਨਾਂ ਦੀ ਗੱਲ ਵਿੱਚ ਸ਼ਕਤੀ ਤੇ ਜ਼ੋਰ ਹੁੰਦਾ ਹੈ। ਉਹ ਅਕਾਲ ਪੁਰਖ ਦੇ ਅਤੀ ਨੇੜੇ ਹੁੰਦੇ ਹਨ। ਜਿੱਥੇ ਵਾਹਿਗੁਰੂ ਦੇ ਅੰਮ੍ਰਿਤ ਨਾਮ ਦੀ ਵਰਖਾ ਹੁੰਦੀ ਹੈ, ਉੱਥੇ ਉਹਨਾਂ ਤੋਂ ਇਲਾਵਾ ਹੋਰ ਕੋਈ ਨਹੀਂ ਹੁੰਦਾ। ਉਹਨਾਂ ਨਿਰਮਲ ਪ੍ਰਾਣੀਆਂ ਦੇ ਸਾਹਮਣੇ ਸਿਰਫ ਅਕਾਲ ਪੁਰਖ ਦਾ ਜਹੂਰ ਹੁੰਦਾ ਹੈ। ਹੁਕਮ ਹੈ:

*ਕਰਮ ਖੰਡ ਕੀ ਬਾਣੀ ਜੋਰੁ॥ ਤਿਥੇ ਹੋਰੁ ਨਾ ਕੋਈ ਹੋਰੁ॥*
*ਤਿਥੇ ਜੋਧ ਮਹਾਬਲ ਸੂਰ॥ ਤਿਨ ਮਹਿ ਰਾਮ ਰਹਿਆ ਭਰਪੂਰ॥*

(ਜਪੁਜੀ)

ਉਹਨਾਂ ਪਵਿੱਤਰ ਪ੍ਰਾਣੀਆਂ ਵਿੱਚੋਂ ਵਾਹਿਗੁਰੂ ਦਾ ਲਿਸ਼ਕਾਰਾ ਮਿਲਦਾ ਹੈ। ਉਹਨਾਂ ਦਾ ਰੂਪ ਅਨੂਪ ਹੈ। ਉਹਨਾਂ ਵਰਗੇ ਵਿਰਲੇ ਹੀ ਹੁੰਦੇ ਹਨ। ਉਹਨਾਂ ਦੇ ਬਚਨਾਂ ਵਿੱਚ ਬੜਾ ਬਲ ਹੁੰਦਾ ਹੈ। ਉਹ 'ਸੂਰਬੀਰ ਬਚਨ ਕੇ ਬਲੀ' ਹੁੰਦੇ ਹਨ। ਉਹ ਜੋਧੇ ਮਹਾਬਲੀ ਸੂਰਮੇ ਅਤੀ ਵਿਨਿਮਰ ਹੁੰਦੇ ਹਨ। ਜਿਹਨਾਂ ਵਿੱਚ ਰਾਮ ਭਰਪੂਰ ਹੁੰਦਾ ਹੈ, ਉਹ ਉਸ ਭਰਪੂਰਤਾ ਦਾ ਦਾਅਵਾ ਨਹੀਂ ਕਰਦੇ। ਸ਼ਕਤੀ ਨੂੰ ਉਹਨਾਂ ਨੇ ਜ਼ਰਿਆ ਹੁੰਦਾ ਹੈ। ਅੰਦਰ ਉਨ੍ਹਾਂ ਦਾ ਸ਼ਕਤੀ ਨਾਲ ਭਰਿਆ ਹੁੰਦਾ ਹੈ। ਸ਼ਕਤੀ ਦੀ ਕੁਵਰਤੋਂ ਬਿਲਕੁਲ ਨਹੀਂ ਕਰਦੇ। ਉਹ ਵਰ ਸਰਾਪ ਨਹੀਂ ਦੇਂਦੇ। ਉਹਨਾਂ ਦੀ ਹੱਦ ਹੀ ਇੱਕ ਵਿਲੱਖਣ ਖੁਸ਼ਬੂ ਹੁੰਦੀ ਹੈ। ਜਿਸ ਤਰ੍ਹਾਂ ਖੁਸ਼ਬੂ ਨੂੰ ਜੰਦਰਿਆਂ, ਦੀਵਾਰਾਂ ਜਾਂ ਵਲਗਨਾਂ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ। ਇਸੇ ਹੀ ਤਰ੍ਹਾਂ ਇਹ ਪੁਰਖ ਜਾਤਾਂ, ਇਲਾਕਿਆਂ, ਕਿੱਤਿਆਂ, ਖਿੱਤਿਆਂ, ਪ੍ਰਾਂਤਾਂ ਜਾਂ ਦੇਸਾਂ ਦੇ ਘੇਰੇ ਵਿੱਚ ਵਲੇ ਨਹੀਂ ਜਾ ਸਕਦੇ। ਇਹ ਆਪ ਬੰਧਨ ਮੁਕਤ ਹਨ, ਇਹਨਾਂ ਨੂੰ ਬੰਨਿਆਂ ਨਹੀਂ ਜਾ ਸਕਦਾ।

ਕਿਸੇ ਵਰਗ ਜਾਤ ਵਰਗ ਜਾਂ ਵਰਨ ਦੇ ਵਿਸ਼ਵਾਸ ਅਨੁਸਾਰ ਪੂਜਾ ਦੀ ਕਿਸੇ ਵਿਸ਼ੇਸ਼ ਵਿਧੀ ਕਾਰਨ ਸੀਤਾ ਕੱਪੜਾ ਨਾ ਪਾਉਣ ਦਾ ਆਦੇਸ਼ ਹੋਵੇਗਾ। ਇਹਨਾਂ ਉੱਤੇ ਇਸ ਤਰ੍ਹਾਂ ਦੇ ਕਿਸੇ ਭਰਮ, ਕਰਮ ਦਾ ਕੋਈ ਅਸਰ ਨਹੀਂ। ਜਿਹਨਾਂ ਵਿੱਚ ਰਾਮ ਭਰਪੂਰ ਹੋ ਚੁੱਕਾ ਹੁੰਦਾ ਹੈ ਉਹ ਸਾਰੇ ਵਾਹਿਗੁਰੂ ਦੀ ਸਿਫਤ ਸਾਲਾਹ ਕਾਰਨ ਉਸ ਨਾਲ ਪੂਰੀ ਤਰ੍ਹਾਂ ਸੀਤੇ ਹੁੰਦੇ ਹਨ, ਜੁੜੇ ਹੁੰਦੇ ਹਨ, ਵੱਖ ਲੱਗਦੇ ਹਨ, ਪਰ ਵੱਖ ਨਹੀਂ ਹੁੰਦੇ। ਉਹਨਾਂ ਦੀ ਤ੍ਰਿਸ਼ਨਾ ਅਗਨੀ ਮਿਟ ਚੁੱਕੀ ਹੁੰਦੀ ਹੈ। ਉਹ ਭੇਖ ਬਣਾ ਕੇ ਜਾਂ ਪਾਖੰਡ ਕਰਨ ਨਾਲ ਲੋਕਾਂ ਕੋਲੋਂ ਪੈਸੇ ਨਹੀਂ ਠੱਗਦੇ ਤੇ ਨਾ ਹੀ ਉਹਨਾਂ ਨੂੰ ਭਰਮਾ ਕੇ ਉਹਨਾਂ ਪਾਸੋਂ ਕੁਝ ਕਰਵਾਇਆ ਜਾ ਸਕਦਾ ਹੈ ਉਹ ਬੇਬਾਕ ਤੇ ਬੇਪ੍ਰਵਾਹ ਬਾਣੀ ਦੇ ਪੁਰਖ ਬੇਮੁਹਾਰੇ, ਬਿਨਾਂ ਕਿਸੇ ਰੋਕ, ਟੋਕ ਦੇ ਬੇਅੰਤ ਦੀ ਬੇਸੁਮਾਰ ਮਹਿਮਾ ਵੰਡਦੇ ਜਾਂਦੇ ਹਨ।

*ਤਿਥੈ ਸੀਤੋ ਸੀਤਾ ਮਹਿਮਾ ਮਾਹਿ॥*
*ਤਾ ਕੇ ਰੂਪ ਨ ਕਥਨੇ ਜਾਹਿ॥*
*ਨ ਓਹਿ ਮਰਹਿ ਨ ਠਾਗੇ ਜਾਹਿ॥*
*ਜਿਨ ਕੈ ਰਾਮੁ ਵਸੈ ਮਨ ਮਾਹਿ॥*

ਉਹਨਾਂ ਦਾ ਰੂਪ ਅਨੂਪ ਹੈ। ਉਹਨਾਂ ਦੇ ਸੰਬੰਧ ਵਿੱਚ ਉਹਨਾਂ ਦੀ ਮਹਿਮਾ ਕਰ ਕੇ ਉਹਨਾਂ ਪਾਸੋਂ ਕੁਝ ਉਚੇਚੀ ਪ੍ਰਾਪਤੀ ਨਹੀਂ ਹੋ ਸਕਦੀ। ਉਹਨਾਂ ਨੂੰ ਚਾਪਲੂਸੀ ਬਿਲਕੁਲ ਪਸੰਦ ਨਹੀਂ ਹੁੰਦੀ। ਉਹ ਉਸੇ ਦੀ ਮਹਿਮਾ ਪਸੰਦ ਕਰਦੇ ਹਨ ਜਿਹੜਾ ਉਹਨਾਂ ਦੇ ਅੰਦਰ ਭਰਪੂਰ ਹੈ। ਇਹ ਅਨੂਪ ਪੁਰਖ ਇਸੇ ਕਾਰਨ ਆਮ ਲੋਕਾਈ ਤੇ ਚੁਰਾਸੀ ਨਾਲੋਂ ਅਲੱਗ ਹਨ। ਜਿਹਨਾਂ ਅੰਦਰ ਨਾਮ ਪਿਆਰ ਜਾਂ ਸ਼ਬਦ ਵਿਚਾਰ ਨਹੀਂ ਉਹ ਆਪਣੀ ਵਡਿਆਈ ਪਸੰਦ ਕਰਦੇ ਹਨ ਅਤੇ ਬਹੁਤੀ ਵਾਰੀ ਉਹ ਠੱਗੀ ਨਾਲ ਕੱਠੀ ਕੀਤੀ ਹੋਈ ਮਾਇਆ ਖਰਚ ਕੇ ਅਜਿਹੇ ਹਾਲਾਤ ਪੈਦਾ ਕਰਦੇ

ਹਨ ਕਿ ਉਹਨਾਂ ਦੀ ਮਹਿਮਾ ਹੋ ਸਕੇ। ਅਜਿਹੇ ਪੁਰਖ ਛੂਛੇ ਘੱਟ ਹਨ। ਊਣੇ ਘੜੇ ਵਾਂਗ ਹਨ, ਡੋਲਦੇ ਰਹਿੰਦੇ ਹਨ, ਉਲ ਜਲੂਲ ਬੋਲਦੇ ਰਹਿੰਦੇ ਹਨ ਪਰ ਜਿਹਨਾਂ ਵਿੱਚ ਰਾਮ ਜੀ ਭਰਪੂਰ ਹੁੰਦੇ ਹਨ ਉਹ ਇਹਨਾਂ ਸਾਰੀਆਂ ਊਣਤਾਈਆਂ ਤੋਂ ਕੋਹਾਂ ਦੂਰ ਹੰਦੇ ਹਨ।

ਭਰੇ ਭਰੇ ਭਰਪੂਰ ਪੁਰਖ ਹਰਿ ਰੰਗ ਨਾਲ ਰੰਗੇ ਹੁੰਦੇ ਹਨ। ਉਹਨਾਂ ਨੇ ਆਪਣਾ ਮਨ ਤੇ ਅੰਦਰਲਾ ਜਿੱਤ ਲਿਆ ਹੁੰਦਾ ਹੈ। ਪੂਰੇ ਸਤਿਗੁਰੂ ਦੇ ਐਸੇ ਪੂਰੇ ਸਿੱਖਾਂ ਉੱਤੇ ਹੋਰ ਕੋਈ ਰੰਗ ਚੜ੍ਹਦਾ ਹੀ ਨਹੀਂ। ਉਹਨਾਂ ਉੱਤੇ ਨਦਰਿ ਹੋਣ ਕਾਰਨ ਉਹ ਸਹਿਜ ਦੀ ਅਵਸਥਾ ਵਿੱਚ ਵਿਚਰਦੇ ਹਨ ਅਤੇ ਸਹਿਜੇ ਹੀ ਹਰਿ ਜੀ ਦੇ ਸੰਗ ਸਮਾਏ ਰਹਿੰਦੇ ਹਨ।

ਜਿਹਨਾਂ ਦੇ ਅੰਦਰ ਵਾਹਿਗੁਰੂ ਦੇ ਗੁਣ ਗਾਉਣ ਦਾ ਚਾਅ ਸਮਾ ਜਾਂਦਾ ਹੈ ਉਹ ਉਤਮ ਪ੍ਰਾਕਿਰਤੀ ਤੇ ਸੁੱਚੀ ਬਾਣੀ ਭਾਵ ਕਿਸਮ ਦੇ ਲੋਕ ਹਨ। ਉਹਨਾਂ ਦੀ ਦੁਨੀਆਂ ਇਸ ਦੁਨੀਆਂ ਨਾਲੋਂ ਕੋਈ ਵੱਖਰੀ ਨਹੀਂ, ਪਰ ਉਹ ਆਪਣੀ ਸੁੱਚੀ ਮਾਨਸਿਕ ਅਵਸਥਾ ਕਰਕੇ ਇੱਕ ਅਦਭੁਤ ਤੇ ਵਿਲੱਖਣ ਲੋਕ ਦੇ ਵਾਸੀ ਹੋ ਜਾਂਦੇ ਹਨ। ਉਹ ਦਿਨ ਰਾਤ, ਅਹਿਨਿਸ ਸਦਾ ਅਨੰਦ ਦੀ ਅਵਸਥਾ ਵਿੱਚ ਰਹਿੰਦੇ ਹਨ। ਉਹਨਾਂ ਦੀ ਖੁਸ਼ੀ ਟੁੱਟਦੀ ਨਹੀਂ, ਕਿਉਂਕਿ ਟੁੱਟਣ ਵਾਲੀ ਖੁਸ਼ੀ ਉਹਨਾਂ ਨੂੰ ਖੁਸ਼ ਹੀ ਨਹੀਂ ਕਰਦੀ। ਉਹਨਾਂ ਦੀ ਖੁਸ਼ੀ ਲਗਾਤਾਰ ਮਤਵਾਤਰ ਹੁੰਦੀ ਹੈ। ਛਣਭੰਗਰ ਖੁਸ਼ੀਆਂ ਉਹਨਾਂ ਨੂੰ ਨਹੀਂ ਲੁਭਾਦੀਆਂ। ਛਣਭੰਗਰ ਖੁਸ਼ੀਆਂ ਦਾ ਉਹਨਾਂ ਵਾਸਤੇ ਕੋਈ ਆਕਰਸ਼ਨ ਨਹੀਂ। ਉਹਨਾਂ ਦੇ ਅੰਦਰ ਹੀ ਇੱਕ ਅਜਿਹੀ ਸਦੀਵੀ ਖੁਸ਼ੀ ਤੇ ਅਨੰਦ ਦਾ ਵਾਸ ਕਰਦਾ ਹੈ ਕਿ ਉਹ ਖੁਦ ਹੀ ਆਕਰਸ਼ਨ ਰੂਪ ਹੁੰਦੇ ਹਨ। ਉਹਨਾਂ ਦਾ ਦਰਸ਼ਨ ਤੇ ਉਹਨਾਂ ਦਾ ਸੰਗ ਅਕਾਲ ਪੁਰਖ ਸੰਗ ਜੋੜਦਾ ਹੈ ਜੋ ਨਿਰੰਕਾਰ ਦੇ ਦਰਸ਼ਨ ਵਿੱਚ ਸਹਾਈ ਹੁੰਦਾ ਹੈ।

*ਤਿਥੈ ਭਗਤਿ ਵਸਹਿ ਕੇ ਲੋਅ॥*
*ਕਰਹਿ ਅਨੰਦੁ ਸਚਾ ਮਨਿ ਸੋਇ॥*

ਕਰਮ ਖੰਡ ਦੀ ਅਵਸਥਾ ਪ੍ਰਾਪਤ ਕਰਨ ਵਾਲੇ ਇਸ ਦੁਨੀਆਂ ਵਿੱਚ ਹੀ ਰਹਿੰਦੇ ਹਨ ਉਹਨਾਂ ਨੇ ਆਪਣਾ ਵੱਖਰਾ ਕੋਈ ਖੰਡ, ਡੇਰਾ ਜਾਂ ਮਿਲਖ ਜਾਇਦਾਦ ਜਾਂ ਵਾੜਾ ਨਹੀਂ ਬਣਾਇਆ ਹੁੰਦਾ ਸਗਲੀ ਧਰਤੀ ਉਹਨਾਂ ਦੀ ਆਪਣੀ ਹੈ। ਖੰਡਾਂ ਦੀ ਵੱਖਰੀ ਕੋਈ ਹੋਂਦ ਨਹੀਂ। ਇਹ ਉੱਤਮ ਮਾਨਸਿਕ ਅਵਸਥਾਵਾਂ ਹਨ ਜੋ ਆਮ ਲੋਕਾਈ ਤੋਂ ਉਚੇਰੀਆਂ ਹਨ ਤੇ ਉਹਨਾਂ ਦੀ ਪ੍ਰਾਪਤੀ ਵਾਹਿਗੁਰੂ ਦੇ ਕਰਮ ਨਾਲ ਹੀ ਹੁੰਦੀ ਹੈ। ☬



# ਰਬਾਬੀ ਮਰਦਾਨਾ

ਕਰਤਾਰ ਸਿੰਘ ਨੀਲਧਾਰੀ
162 ਏ, ਗਰੇਨ ਮਾਰਕੀਟ, ਚੰਡੀਗੜ੍ਹ

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ "ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ" ਨੇ ਧਰਤੀ ਸੋਧਨ ਲਈ ਉਦਾਸੀਆਂ ਵਿੱਚ ਲੰਮੀਆਂ ਯਾਤ੍ਰਾਵਾਂ ਕੀਤੀਆਂ ਸਨ। ਇਨ੍ਹਾਂ ਉਦਾਸੀਆਂ ਵਿੱਚ ਭਾਈ ਮਰਦਾਨਾ ਜੀ ਹਜ਼ਾਰਾਂ ਤਪਦੀਆਂ ਰੂਹਾਂ ਨੂੰ ਆਤਮ ਪ੍ਰਕਾਸ਼ੀ ਤੇ ਮੁਕਤ ਹੋਣ ਵਿੱਚ ਸਹਾਈ ਹੋਇਆ। ਗੁਰੂ ਨਾਨਕ ਦੇ ਮਨ ਦੇ ਸਰੂਪ ਭਾਈ ਮਰਦਾਨਾ ਨੇ ਗੁਰੂ ਦੀ ਫੁਲਵਾੜੀ ਦੀ ਪ੍ਰਫੁੱਲਤਾ ਲਈ ਹੀ ਸਾਰੇ ਸਵਾਂਗ ਕੀਤੇ ਸਨ। ਜਨਮ ਸਾਖੀਆਂ ਵਿੱਚ ਦਰਜ ਸਾਖੀਆਂ ਵਿੱਚ ਭਾਈ ਮਰਦਾਨਾ ਦੇ ਵਿਵਹਾਰ ਦਾ ਹਾਸਰਸ, ਗਹਿਰ ਗੰਭੀਰ ਬੌਧਿਕ ਮਾਹੌਲ ਵਿੱਚ ਇੱਕ ਵੱਖਰੀ ਹੀ ਸਰਗਮ ਛੇੜਦਾ ਹੈ। ਇਹ ਸਾਖੀਆਂ ਸਰੋਤੇ ਦੇ ਮਨ ਤੇ ਕਾਬਿਜ ਹੋ ਕੇ ਗੁਰਮਤਿ ਅਤੇ ਗੁਰਬਾਣੀ ਦਾ ਚੇਤਾ ਕਰਾਂਦੀਆਂ ਰਹਿੰਦੀਆਂ ਹਨ। ਜਦੋਂ ਤੱਕ ਚੰਨ ਸੂਰਜ ਤੇ ਸ਼੍ਰਿਸ਼ਟੀ ਰਹੇਗੀ ਗੁਰੂ ਬਾਬੇ ਦਾ ਨਾਮ ਜਗਤ ਜਲੰਦੇ ਨੂੰ ਠਾਰਦਾ ਰਹੇਗਾ ਅਤੇ ਭਾਈ ਮਰਦਾਨੇ ਦੀ ਰਬਾਬ ਗੁਰਬਾਣੀ ਗਾਇਨ ਦੀ ਪ੍ਰੇਰਣਾ ਦੇਕੇ ਅੰਮ੍ਰਿਤ ਕੀਰਤਨ ਦੇ ਅੰਮ੍ਰਿਤ ਰਸ ਨਾਲ ਜੀਵਨ ਦਾਨ ਕਰਦੀ ਰਹੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਰੂਪਾਂ ਤੋਂ ਇਲਾਵਾ ਕੇਵਲ ਭਾਈ ਮਰਦਾਨਾ ਜੀ ਹੀ ਐਸੇ ਸ੍ਰੇਸ਼ਟ ਸਿੱਖ ਭਗਤ ਹਨ, ਜਿਨ੍ਹਾਂ ਦੀ ਬਾਣੀ ਨੂੰ ਨਾਨਕ ਨਾਮ ਦੀ ਛਾਪ ਵਰਤਣ ਦੀ ਆਗਿਆ ਮਿਲੀ। ਇੱਥੇ ਇਹ ਦੱਸਣਾ ਯੋਗ ਹੋਵੇਗਾ ਕਿ ਨਾਨਕ ਛਾਪ ਦੀ ਅਨਾਧਿਕਾਰੀ ਵਰਤੋਂ ਦੇਖ ਕੇ ਹੀ ਕੱਚੀ ਬਾਣੀ ਬਾਰੇ ਆਨੰਦ ਸਾਹਿਬ ਦੀ ਬਾਣੀ ਵਿੱਚ ਸਤਿਗੁਰੂ ਅਮਰਦਾਸ ਜੀ ਨੇ ਸਿੱਖ ਪੰਥ ਨੂੰ ਸਦੀਵੀ ਚੇਤਾਵਨੀ ਦਿੱਤੀ ਹੈ। ਅਜਿਹੀ ਕੱਚੀ ਬਾਣੀ ਦਾ ਗਾਇਨ ਸ੍ਰੀ ਹਰਿਮੰਦਰ ਸਾਹਿਬ ਵਿੱਚ ਰੋਕ ਕੇ ਸ਼ੁਧ-ਸੱਚੀ ਬਾਣੀ ਨੂੰ ਪੋਥੀ ਰੂਪ ਵਿੱਚ ਸਿਰਜਨਾ ਦਾ ਸੰਕਲਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨੇਪਰੇ ਚੜ੍ਹਾਇਆ ਸੀ। ਭਾਈ ਮਰਦਾਨਾ ਗੁਰੂ ਬਾਬੇ ਦੀ ਬਾਣੀ ਦਾ ਪ੍ਰਥਮ ਸਰੋਤਾ, ਪ੍ਰਥਮ ਗਾਇਕ ਤੇ ਪ੍ਰਥਮ ਰਬਾਬੀ (ਸੰਗੀਤਕਾਰ) ਬਣਿਆ ਅਤੇ ਇਹ ਵਿਸ਼ੇਸ਼ਤਾ ਭਾਈ ਮਰਦਾਨਾ ਜੀ ਨੂੰ ਵੱਡਾ ਅਵਤਾਰੀ ਪੁਰਸ਼ ਸਿੱਧ ਕਰਦੀ ਹੈ। ਭਾਈ ਮਰਦਾਨਾ ਜੀ ਦੀ ਬਾਣੀ (ਤਿੰਨ ਸਲੋਕ) ਵਿੱਚ ਆਪ ਨਾਮ ਦੇ ਅੰਮ੍ਰਿਤ ਰਸ ਵਿੱਚ ਪਰੁੱਤੇ ਹੋਏ ਭਗਤੀ ਦੇ ਮਜੀਠੀ ਰੰਗ ਵਿੱਚ ਗੜੁੱਚ ਹੋ ਕੇ ਝੂਮਦੇ ਨਜ਼ਰ ਆਉਂਦੇ ਹਨ।

ਗੁਰੂ ਬਾਬੇ ਦੀ ਬਾਣੀ ਦੇਸ਼ਾਂ-ਪਰਦੇਸ਼ਾਂ ਵਿੱਚ ਮਰਦਾਨਾ ਜੀ ਦੀਆਂ ਰਬਾਬੀ ਸੁਰਾਂ ਨਾਲ ਅੰਮ੍ਰਿਤ ਬਰਖਾ ਕਰਦੀ ਰਹੀ। ਉਸ ਸਮੇਂ ਗੁਰੂ, ਗੁਰਬਾਣੀ, ਰਬਾਬ ਤੇ ਰਬਾਬੀ ਇੱਕ ਸੁਰ ਵਿੱਚ ਇੱਕ ਸ਼ਬਦ ਸਰੂਪ ਹੋ ਜਾਂਦੇ ਸਨ। ਭਾਈ ਮਰਦਾਨਾ ਨਾਲ ਅਜਿਹੀ ਪੀਡੀ ਗੰਢ ਪਾਣ ਦਾ ਪ੍ਰਸੰਗ ਭਾਈ ਮਨੀ ਸਿੰਘ ਨਾਲ ਜੁੜੀ ਸਿੱਖਾਂ ਦੀ ਭਗਤ ਮਾਲਾ ਵਿੱਚੋਂ :

"ਇੱਕ ਸਮੇਂ ਗੁਰੂ ਨਾਨਕ ਰਾਇ ਭੋਇ ਦੀ ਤਲਵੰਡੀ ਬੈਠੇ ਸਨ ਤੇ ਇੱਕ ਡੂਮ ਗੁਰੂ ਬਾਬੇ ਦੀ ਸ਼ਰਨ ਵਿੱਚ ਆਏ ਕੇ ਰਬਾਬ ਵਜਾਇਆ ਤੇ ਰਾਗ ਅਲਾਪਿਆ। ਤਿਸ ਕਾ ਰਾਗ ਸੁਣਿ ਕੇ ਮਨ ਇਕਾਗਰ ਹੋਇਆ ਤਾਂ ਸਾਹਿਬ ਪੁੱਛਿਆ ਤੇਰਾ ਨਾਉ ਕਿਆ ਹੈ। ਤਾਂ ਉਸ ਨੇ ਕਿਹਾ ਜੀ ਮੇਰਾ ਨਾਉ ਦਾਨਾ ਮੀਰਾਸੀ ਲੋਕ ਕਹਿੰਦੇ ਹੈਨ। ਬਚਨ ਹੋਇਆ ਤੂੰ ਰਬਾਬ ਭਲਾ ਵਜਾਇੰਦਾ ਹੈ। ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ। ਪਰ ਜੇ ਤੂੰ ਆਸਾਡਾ ਸੰਗ ਕਰੇ ਤਾਂ ਏਹੁ ਰਾਗ ਸਬਦ ਪਾਇ ਕੈ ਗਾਵੈ ਤਾਂ ਅਸੀਂ ਤੇਰਾ ਦੀਨ ਦੁਨੀਆ ਵਿੱਚ ਉਧਾਰ ਕਰੀਏ। ਤਾਂ ਉਸ ਆਖਿਆ ਜੀ ਅਸੀਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਲਿਆਂਵਦੇ ਹਾਂ।... ਅਸੀਂ ਜੋ ਤੇਰੇ ਨਾਲ ਤਾਂ ਦੁਨੀਆਂ ਦੇ ਜੂ ਕੁਟੰਬੀ ਹੈਨ। ਸੋ ਤਾਂ ਭੁੱਖ ਨਾਲ ਮਰ ਜਾਣਗੇ।... ਤਾਂ ਸਾਹਿਬ ਬਚਨ ਕੀਤਾ ਭਾਈ ਦਾਨਿਆ ਤੂੰ ਦਿਵਾਨਾ ਹੋਇਆ ਹੈ। ਸਾਰੀ ਸ੍ਰਿਸਟੀ ਦੀ ਪਾਲਨਾ ਈਸਰ ਕਰਦਾ ਹੈ ਕਿ ਤੂੰ ਕਰਨਾ ਹੈ?"

ਮਗਰੋਂ ਇਸਲਾਮ, ਨਮਾਜ ਤੇ ਸ਼ਰਹ ਦੀ ਗੋਸ਼ਟੀ ਹੋਈ। ਤਾਂ ਬਾਬੇ ਆਖਿਆ- "ਮਰਦਾਨਾ ਪਹਿਲੀ ਨਿਵਾਜ ਸਚੁ ਬੋਲਣਾ ਸਚੁ ਕਮਾਵਣਾ। ਦੂਜੀ ਨਿਵਾਜ ਧਰਮ ਦੀ ਕਿਰਤ ਕਰਕੈ ਖਾਵਣੀ। ਤੇ ਮਨ ਨੂੰ ਗੁਰਾਂ ਦੇ ਬਚਨਾਂ ਦੀ ਕਦਰ ਕਰ ਕੁਹਣਾ। ਤੀਜਾ ਸਭਸੇ ਭਲਾ ਚਿਤਵਣਾ ਤੇ ਪਰਮੇਸ਼ਰ ਦੇ ਨਮਿਤ ਵੰਡ ਖਾਵਣਾ। ਚੌਥੇ ਸੁਧ ਮਨਸਾ ਰੱਖਣੀ। ਕਿਵੇਂ ਮਹਾਰਾਜ ਦੇ ਨਾਮ ਦੀ ਪਰਤੀਤ ਪ੍ਰਾਪਤ ਹੋਵੇ। ਤੇ ਪੰਜਵੇਂ ਜੋ ਸੁਆਸ ਹੈਨ ਸੋ ਪ੍ਰਮੇਸਰ ਦੀ ਸਿਫਤ ਤੇ ਸੰਤਾਂ ਦੀ ਸਿਫਤ ਵਿੱਚ ਗੁਜਾਰਣੇ। ਭਲਿਆਂ ਕਰਮਾਂ ਵਿੱਚ ਗੁਜਾਰਨੀ, ਤੇ ਸੰਤਾਂ ਦੀ ਟਹਲ ਕਰਨੀ। ਏਹ ਕਲਮਾ ਹੈ। ਜੇ ਇਹੁ ਵਰਤੇਗਾ ਤਾਂ ਦੋਜਕ ਨਾ ਜਾਵੈਗਾ।... ਜੇ ਹੁਣ ਤੂੰ ਮਰਦਾਨਾ ਹੋਵੈ ਤਾਂ ਸੰਤਾਂ ਸੰਗ ਕਰੇ। ਤਾਂ ਸ਼ਬਦ ਪਾਇਕੇ ਗਾਵੇ। ਤਾਂ ਤੇਰਾ

ਦੋਹਾਂ ਲੋਕਾਂ ਦਾ ਕਾਰਜ ਕਰਾਂਗੇ। ਉਸ ਆਖਿਆ ਜੀ ਜਿਵੇਂ ਤੁਹਾਡੀ ਰਜਾਇ ਹੋਵੈ। ਬਚਨ ਹੋਇਆ ਤੇਰਾ ਨਾਉ ਅਸਾਂ ਮਰਦਾਨਾ ਰੱਖਿਆ ਹੈ। ਵਾਹਿਗੁਰੂ ਦਾ ਭਜਨ ਕਰ ਤੇਰੇ ਕੁਟੰਬੀਆਂ ਦੀ ਤੇ ਤੇਰੀ ਅਸੀਂ ਖਬਰ ਲੇਵਾਂਗੇ।"

ਅਗੋਂ ਜਨਮ ਸਾਖੀ ਪਰੰਪਰਾ ਵਿੱਚੋਂ ਭਾਈ ਮਰਦਾਨਾ ਜੀ ਦਾ ਸੁਲਤਾਨਪੁਰ ਆਉਣ ਦਾ ਹਾਲ ਬਚਨ ਯੋਗ ਹੈ-

"ਗੁਰੂ ਨਾਨਕ ਜੀ ਦੇ ਮੋਦੀ ਬਣਨ ਦੀ ਖਬਰ ਤਲਵੰਡੀ ਪੁੱਜ ਚੁੱਕੀ ਸੀ। ਗੁਰੂ ਨਾਨਕ ਜੀ ਦੀਆਂ ਖੈਰਾਇਤ ਕਹਾਣੀਆਂ ਦਾ ਮਰਦਾਨੇ ਦੇ ਮਨ ਤੇ ਬਹੁਤ ਪ੍ਰਭਾਵ ਪਿਆ ਤੇ ਉਸਦਾ ਵੀ ਗੁਰੂ ਨਾਨਕ ਜੀ ਨੂੰ ਮਿਲਣ ਤੇ ਜੀਅ ਕਰਦਾ ਸੀ। ...... ਨਾਲ ਕਾਲੂ ਜੀ ਨੇ ਮਰਦਾਨੇ ਨੂੰ ਕਹਿ ਦਿੱਤਾ ਕਿ ਉਹ ਸੁਲਤਾਨ ਪੁਰੋਂ ਪਤਾ ਲੈ ਆਵੇ।... ਹਰ ਰੋਜ ਗੁਰੂ ਨਾਨਕ ਜੀ ਅੰਮ੍ਰਿਤ ਵੇਲੇ ਉਠਕੇ ਵੇਈਂ ਤੇ ਸ਼ਸਾਨ ਕਰਨ ਜਾਂਦੇ। ਫੇਰ ਕੁਝ ਚਿਰ ਭਜਨ ਵਿੱਚ ਮਗਨ ਹੁੰਦੇ। ਫੇਰ ਮਰਦਾਨਾ ਭਗਤਾਂ ਦੇ ਪਦੇ ਸੁਣਾਉਂਦਾ ਸ਼ਾਮ ਨੂੰ ਵੀ ਕੀਰਤਨ ਹੁੰਦਾ।... ਵੇਈਂ ਪਰਦੇਸ਼ ਤੋਂ ਪਿੱਛੋਂ ਆਪ ਘਰ ਨਹੀਂ ਗਏ ਕੇਵਲ ਗਾਂ ਦਾ ਦੁੱਧ ਪੀ ਕੇ ਗੁਜ਼ਾਰਾ ਕਰਨ ਲੱਗੇ। ਮਰਦਾਨਾ ਵੀ ਨਾਲ ਰਿਹਾ।... ਉਨ੍ਹਾਂ ਅਨੁਭਵ ਕੀਤਾ ਕਿ ਮਰਦਾਨੇ ਨੂੰ ਰਬਾਬ ਦੀ ਲੋੜ ਹੈ।... ਗੁਰੂ ਨਾਨਕ ਨੇ ਮਰਦਾਨੇ ਨੂੰ ਕਿਹਾ ਕਿ ਭੈਣ ਨਾਨਕੀ ਕੋਲੋਂ ਕੁਝ ਰੁਪਏ ਲੈ ਕੇ ਫਰਿੰਦੇ ਨੂੰ ਮਿਲੇ ਤੇ ਰਬਾਬ ਲੈ ਆਵੇ।... ਭਾਈ ਫਰਿੰਦਾ ਆਪ ਸੁਲਤਾਨ ਪੁਰ ਆ ਕੇ ਗੁਰੂ ਜੀ ਨੂੰ ਰਬਾਬ ਦੇ ਗਿਆ।"

ਇਸ ਤਰ੍ਹਾਂ ਗੁਰੂ ਬਾਬਾ ਨਾਨਕ ਤੇ ਰਬਾਬੀ ਮਰਦਾਨੇ ਦਾ ਅਣਪਛਾਤੇ ਰਾਹਾਂ ਦਾ ਸਫਰ ਸ਼ੁਰੂ ਹੋਇਆ। ਬਾਬਾ ਕਹਿੰਦਾ- ਮਰਦਾਨਿਆਂ ਰਬਾਬ ਵਜਾ ਬਾਣੀ ਆਈ ਆ। ਮਰਦਾਨੇ ਨੂੰ ਕਦੀ ਰਬਾਬ ਸੁਰ ਕਰਨ ਦੀ ਲੋੜ ਨਹੀਂ ਸੀ ਪੈਂਦੀ ਤੇ ਉਸਦੀ ਉਂਗਲਾਂ ਰਬਾਬ ਦੀ ਤਾਰਾਂ ਤੇ ਥਿਰਕਣ ਲਗ ਪੈਂਦੀਆਂ ਤੇ ਗੁਰੂ ਬਾਬਾ ਵਿਸਮਾਦ ਵਿੱਚ ਧੁਰ ਕੀ ਬਾਣੀ ਦਾ ਗਾਇਨ ਸ਼ੁਰੂ ਕਰ ਦਿੰਦਾ। ਗੁਰਬਾਣੀ ਨਾਲ ਜੁੜੇ ਰਾਗਾਂ ਦੇ ਗਾਇਨ ਕਾਲ ਦੇ ਗਿਆਨ ਨਾਲ ਕਿਸੇ ਵੀ ਰਾਗ ਬੱਧ ਸ਼ਬਦ ਦਾ ਗਾਇਨ ਸਮਾਂ ਨਿਸ਼ਚਿਤ ਹੋ ਜਾਂਦਾ ਹੈ। ਇਸ ਤਰ੍ਹਾਂ ਰਬਾਬ ਵਜਦੀ ਜਾ ਰਹੀ ਸੀ। ਸੂਰਜ ਦੀਆਂ ਕਿਰਨਾਂ, ਚੰਨ ਦੀ ਚਾਂਦਨੀ ਅਤੇ ਤਾਰਿਆਂ ਦੀ ਛਾਂ ਹੇਠ ਅਡੋਲ ਵਿਚਰਦੇ ਹੋਏ ਗੁਰੂ ਬਾਬਾ ਨਗਰ-ਗਰਾਮਾਂ, ਤੀਰਥਾਂ-ਧਾਮਾਂ, ਸਮੁੰਦਰਾਂ-ਟਾਪੂਆਂ, ਪਹਾੜਾਂ-ਮੈਦਾਨਾਂ, ਹਰਿਆਵਲੇ ਖੇਤਾਂ-ਬੀਆਬਾਨ ਰੇਗਿਸਤਾਨਾਂ, ਡੂੰਘੀਆਂ ਘਾਟੀਆਂ ਅਤੇ ਬਰਫਾਨੀ ਸਿਖਰਾਂ ਉੱਤੇ ਤੁਰਦੇ ਤੁਰਦੇ ਨਿਰੰਕਾਰੀ ਬਾਣੀ ਦਾ ਕੀਰਤਨ ਕਰਦੇ ਗਏ। ਜੁਗਾਂ ਜੁਗਾਂ ਦੀ ਸਾਧਨਾ ਸਫਲ ਹੋਈ, ਨਿਰੰਕਾਰੀ ਬਾਬੇ ਦੇ ਦਰਸ਼ਨ ਹੋਏ, ਅੰਮ੍ਰਿਤ ਬਾਣੀ ਸੁਣੀ ਤੇ ਮੁਕਤ ਹੋ ਗਏ। ਮਸਤਾਨੇ ਜੋਗੀ ਦੀ ਰਬਾਬੀ ਧੁਨੀਆਂ ਨਾਲ ਆਤਮ-ਪ੍ਰਕਾਸ਼ ਹੋਇਆ ਤੇ ਕਮਲ ਬਿਗਾਸ ਹੋਇਆ। ਸਦੀਆਂ ਤੋਂ ਤਪਦੇ ਹਿਰਦੇ ਸੀਤਲ ਹੋ ਗਏ। ਤਿੱਬਤ ਦੀਆਂ ਕੁੰਦਰਾਵਾਂ ਵਿੱਚ ਸਦੀਆਂ ਤੋਂ ਜੰਮੇ ਪਏ ਸਿੱਧਾਂ ਨੇ ਸੂਰਜ ਦਾ ਪ੍ਰਕਾਸ਼ ਦੇਖਿਆ, ਨਿੱਘ ਮਿਲਿਆ ਤੇ ਨਵੀਂ ਚੇਤਨਾ ਮਿਲੀ। ਗੁਰੂ ਬਾਬਾ ਨਿਰੰਕਾਰ ਦੇ ਨਾਮ ਦਾ ਬਨਜਾਰਾ ਬਣਕੇ ਨੌ ਖੰਡ ਵਿੱਚ ਸਿੱਖੀ ਵੰਡ ਰਿਹਾ ਸੀ ਤੇ ਭਾਈ ਮਰਦਾਨਾ ਦੀਆਂ ਰਬਾਬੀ ਸੁਰਾਂ ਧਰਤੀ ਤੇ ਸਚਖੰਡ ਪ੍ਰਗਟ ਕਰ ਰਹੀਆਂ ਸਨ।

ਕਾਮ ਰੂਪੀ ਕਾਮਰੂਪ ਦੀ ਨੂਰਸ਼ਾਹ, ਕਰੋਧ ਰੂਪੀ ਵਲੀ ਕੰਧਾਰੀ, ਲੋਭ ਰੂਪੀ ਮਲਕ ਭਾਗੋ, ਅਹੰਕਾਰ ਰੂਪੀ ਸਿੱਧ, ਮੋਹ ਮੂਰਤ ਮਾਤਾ ਪਿਤਾ ਤੇ ਬੱਚੇ ਪਰਾਇਆ ਹੱਕ ਰੂਪੀ ਭੁਮੀਆ, ਪਾਪ ਦੀ ਬਰਾਤ ਦਾ ਲਾੜਾ ਬਾਬਰ, ਬਾਬਰ ਬਾਣੀ ਦਾ ਸ਼ਿਕਾਰ ਹੋਇਆ ਜਾਲਮ ਸੈਦਪੁਰ, ਵਿਸ਼ਵਾਸਘਾਤੀ ਸੂਰਤ ਸਜਨ ਠੱਗ, ਮਾਸਾਹਾਰੀ ਕੌਡਾ- ਇਹ ਸਭ ਪਾਤਰ ਗੁਰੂ ਬਾਬੇ ਦੇ ਚਰਣੀਂ ਲਗੇ ਤੇ ਇਹਨਾਂ ਮਿਲਨੀਆਂ ਵਿੱਚ ਭਾਈ ਮਰਦਾਨੇ ਦੀ ਨਿੱਗਰ ਸੇਵਾ ਲਈ ਗਈ। ਮਨੁੱਖੀ ਸਭਿਅਤਾ ਦੇ ਔਗੁਣ ਦੂਰ ਕਰਨ ਲਈ ਭਾਈ ਮਰਦਾਨੇ ਨੂੰ ਰਥਵਾਨ ਬਣਾਕੇ ਧਰਮ ਦੇ ਜਹਾਜ ਤੇ ਚੜ੍ਹਾਨ ਦਾ ਉਪਰਾਲਾ ਕੀਤਾ ਗਿਆ। ਰਬਾਬ ਵਜਦੀ ਜਾ ਰਹੀ ਸੀ ਅਤੇ ਕਾਇਆ ਕਲਪ ਕਰਦੀ ਜਾ ਰਹੀ ਸੀ। ਗੁਰੂ ਨਾਨਕ ਨਿਰੰਕਾਰ ਦਾ ਢਾਡੀ ਸੀ ਤੇ ਭਾਈ ਮਰਦਾਨਾ ਨਾਨਕ ਨਿਰੰਕਾਰੀ ਦਾ ਰਬਾਬੀ ਸੀ। ਮਿਰਾਸੀਆਂ ਦਾ ਪੁੱਤਰ ਦਾਨਾ ਗੁਰੂ ਨਾਨਕ ਦਾ ਰਬਾਬੀ ਮਰਦਾਨਾ ਬਣਕੇ ਅਰਸ਼ਾਂ ਤੇ ਫਰਸ਼ਾਂ ਵਿੱਚ ਤ੍ਰੈ ਕਾਲ ਗੁਰੂ ਨਾਨਕ ਦਾ ਰੂਪ ਹੋ ਗਿਆ। ਗੁਰੂ ਚੇਲੇ ਦੀ ਇਹ ਪਹਿਲੀ ਸੰਧ ਸੀ। ਜਿੱਥੇ ਗੁਰੂ ਬਾਬੇ ਦਾ ਨਾਮ ਗੂੰਜੇਗਾ ਰਬਾਬੀ ਮਰਦਾਨੇ ਦੀ ਸੁਰਾਂ ਵਿੱਚ ਸੰਗੀਤ ਕੀਰਤਨ ਜ਼ਰੂਰ ਹੋਵੇਗਾ।

ਇਨ੍ਹਾਂ ਉਦਾਸੀਆਂ ਵਿੱਚ ਭੁੱਖ ਦਾ ਤਰਾਸਿਆ ਮਰਦਾਨਾ ਜਿਵੇਂ ਬਾਗੀ ਹੋ ਗਿਆ। "ਤਬ ਬਾਬੇ ਆਖਿਆ -ਮਰਦਾਨਿਆਂ, ਕਿਵੈਂ ਰਹੈ ਗੀ? ਮਰਦਾਨੇ ਆਖਿਆ- ਹਉ ਤਾਂ ਰਹਾਂ ਜੇ ਮੇਰੀ ਭੁੱਖ ਗਵਾਵਹਿ। ਜੋ ਤੇਰਾ ਆਹਾਰ ਹੋਵੈ ਸੋ ਮੇਰਾ ਹੋਵੈ। ਸੋ ਮੇਰਾ ਆਹਾਰ ਕਰਹਿ। ਜੋ ਮੇਰੇ ਕਰਮ ਹੀ ਨਾ ਬਚਾਰਹਿ ਤਾਂ ਹਉ ਤੇਰੇ ਨਾਲ ਰਹਾਂ। ਤਬਿ ਗੁਰੂ ਬਾਬੇ ਆਖਿਆ -ਜਾਹਿਏ ਮਰਦਾਨਿਆਂ! ਤੂੰ ਦੀਨ

ਦੁਨੀਆਂ ਨਿਹਾਲੁ ਹੋਆ। ਤਬਿ ਮਰਦਾਨੇ ਉਭਰਿ ਪੈਰੀ ਪਇਆ, ਗੁਰੂ ਬਾਬੇ ਤੇ ਪੈਰਾ ਤੋਂ ਮੱਥਾ ਚੁਕਦਿਆਂ ਅਗਮ ਨਿਗਮ ਦੀ ਸੋਝੀ ਹੋਇ ਆਈ।"

ਆਖਿਰ ਭਾਈ ਮਰਦਾਨਾ ਜੀ ਦਾ ਗੁਰੂ ਬਾਬੇ ਨਾਲ ਵਿਛੋੜੇ ਦਾ ਸਮਾਂ ਆਇਆ। "ਮਰਦਾਨੇ ਖੁਰਮੇ ਦੇ ਫਲ ਖਾਧੇ। ਗੁਰੂ ਨਾਨਕ ਪੁੱਛਿਆ- ਕਿਉਂ ਮਰਦਾਨਾ ਦੇਹਿ ਖਬਰਾਂ। ਤਾਂ ਮਰਦਾਨੇ ਆਖਿਆ ਜੀ ਤਈਆਰੀ ਹੈ। ਮਰਦਾਨੇ ਆਖਿਆ -ਜੀ ਮੈਨੂੰ ਸਾੜੋਗੇ ਤਾਂ ਮੈਂ ਤੁਸਾਂ ਤੇ ਬਹੁਤ ਰਾਜੀ ਰਹਾਂਗਾ। ਤਾਂ ਗੁਰੂ ਨਾਨਕ ਕਹਿਆ - ਮਰਦਾਨਾ ਏਹੁ ਭਾਰ ਅਸਾਡੀ ਗਰਦਨ ਹੋਇਆ।... ਤਾਂ ਬਾਲੇ ਕਹਿਆ -ਜੀ ਹੁਣਿ ਪੂਰਨ ਹੋਇਆ।... ਜੀ ਹੁਣ ਕਰੀਏ ਆਹਰ। ਤਾਂ ਉੱਥੇ ਖੁਰਮੇ ਦੀਆਂ ਲਕੜੀਆਂ ਲੀਤੀਆਂ ਅਤੇ ਹਿਕੁ ਚਾਦਰ ਗੁਰੂ ਨਾਨਕ ਆਪਣੀ ਦਿੱਤੀ। ਹਿਕਿ ਬਾਲੇ ਦੀ ਦਿੱਤੀ ਅਤੇ ਹਿਕ ਮਰਦਾਨੇ ਦੀ ਆਹੀ। ਤਿਹਾਂ ਚਾਦਰਾਂ ਦਾ ਖਫਣ ਕੀਤਾ ਮਰਦਾਨਾ ਉੱਥੇ ਸਾੜਿਆ।"

ਗੁਰੂ ਬਾਬੇ ਨੇ ਰਬਾਬ ਨੂੰ ਸੰਭਾਲ ਲਿਆ। ਕਰਤਾਰ ਅੱਗੇ ਮੱਥਾ ਟੇਕਿਆ ਅਤੇ ਤਲਵੰਡੀ ਨੂੰ ਚਾਲੇ ਪਾਏ। ਖੁਰਮ ਤੋਂ ਤਲਵੰਡੀ ਤੱਕ ਰਬਾਬ ਖਾਮੋਸ਼ ਰਹੀ ਪਰ ਬਾਬਾ ਖਾਮੋਸ਼ ਨਹੀਂ ਸੀ ਤੇ ਆਪਣੀ ਮੌਜ ਵਿੱਚ ਰਾਹ ਤੁਰਦਾ ਸਲੋਕ ਉਚਾਰੀ ਜਾ ਰਿਹਾ ਸੀ। ਤਲਵੰਡੀ ਪੁੱਜ ਕੇ ਮਰਦਾਨੇ ਦੇ ਪੁੱਤਰ ਸਹਜਾਦੇ ਨੂੰ ਰਬਾਬ ਫੜਾਈ ਤੇ ਰਬਾਬੀ ਬਣਾ ਲਿਆ ਤੇ ਅਗਲਾ ਸਫਰ ਸ਼ੁਰੂ ਕੀਤਾ। ਭਾਈ ਬਾਲੇ ਦੀ ਜਨਮ ਸਾਖੀ ਵਿੱਚੋਂ- "ਗੁਰੂ ਨਾਨਕ ਕਹਿਆ- ਸੁਣਿ ਭਾਈ ਸਹਜਾਦਾ ਤੇਰਾ ਪਿਤਾ ਕਾਲਿ ਵਸਿ ਹੋਆ। ਅਸਾਂ ਨੂੰ ਜੋਗ ਆਹਾ ਤੈਨੂੰ ਸਿਰਪਾਉ ਦੇਵਣ। ਆਖੁ ਤੈਨੂੰ ਕੇਹੜਾ ਸਿਰਪਾਉ ਦੇਵੀਏ। ਆਖੇ ਤਾ ਕਪੜਿਆਂ ਦਾ ਸਿਰੋਪਾਏ ਦੇਈਏ। ਕੇ ਦਰਗਾਹ ਦਾ ਸਿਰਪਾਉ ਦੇਵੀਏ।... ਤਾਂ ਸਹਜਾਦੇ ਆਖਿਆ -ਜੀ ਜੋ ਬਾਬੇ ਮਰਦਾਨੇ ਨੂੰ ਦਿੱਤਾ ਹਈ ਸੋ ਮੈਨੂ ਦੇਹ। ਤਾਂ ਗੁਰੂ ਨਾਨਕ ਆਖਿਆ -ਸੁਣਿ ਸਹਜਾਦਾ ਤੇਰੇ ਪਿਉ ਅਸਾਥੋ ਸਾੜਨਾ ਮੰਗ ਕੀਤਾ। ਅਸਾਂ ਉਸਾ ਭਾਈ ਸਾੜਿਆ।... ਤਾਂ ਸਹਜਾਦੇ ਆਖਿਆ -ਜੀ, ਜੇ ਮੈਨੂੰ ਬਾਬੇ ਦੇ ਥਾਨਿ ਲੈ ਚਲੋ। ਤਾਂ ਰਬੁ ਮੈ ਤੇ ਭੀ ਮਿਹਰਬਾਨੁ ਹੋਵੈ।... ਅਗੇ ਜਾਏ ਸਹਜਾਦੇ ਨੂੰ ਖੁਰਮ ਸਹਰ ਜਾਇ ਖੜਾ ਕੀਤਾ।"

ਜਨਮ ਸਾਖੀਆਂ ਅਨੁਸਾਰ ਭਾਈ ਮਰਦਾਨਾ ਜੀ ਦਾ ਦੇਹਾਂਤ ਮੱਕੇ ਮਦੀਨੇ ਦੀ ਜ਼ਿਆਰਤ ਤੋਂ ਵਾਪਸੀ ਤੇ ਹੋਇਆ ਸੀ। ਇਹ ਉਦਾਸੀ ਸਪਸ਼ਟ ਤੌਰ ਤੇ ਕਰਤਾਰ ਪੁਰ ਵਸਾਣ ਤੋਂ ਬਾਦ ਤੇ ਅਖੀਰਲੀ ਉਦਾਸੀ ਗਿਣੀ ਜਾਂਦੀ ਹੈ। ਗੁਰੂ ਬਾਬੇ ਨੇ ਭਾਈ ਮਰਦਾਨੇ ਨੂੰ ਤੋਰ ਕੇ ਉਦਾਸੀ ਦਾ ਭੇਖ ਉਤਾਰਿਆ ਤੇ ਕਰਤਾਰ ਪੁਰ ਦਾ ਡੇਰਾ ਪ੍ਰਫੁਲਿਤ ਕੀਤਾ। ਕਰਤਾਰ ਪੁਰ ਵਿੱਚ ਕੋਈ ਦਿਨ ਐਸਾ ਨਹੀਂ ਸੀ ਜਾਂਦਾ ਜਿਸ ਦਿਨ ਗਿਆਨ ਗੋਸ਼ਟੀਆਂ ਵਿੱਚ ਭਾਈ ਮਰਦਾਨਾ ਜੀ ਦਾ ਜ਼ਿਕਰ ਨਾ ਹੋਵੇ। ਭਾਈ ਮਰਦਾਨੇ ਦੇ ਨਾਲ ਗੁਰੂ ਬਾਬਾ ਵੀ ਉਡਰ ਪੰਖੇਰੂ ਬਣ ਕੇ ਜਨਮ ਸਾਖੀਆਂ ਅਨੁਸਾਰ ਉਡਾਰੀਆਂ ਮਾਰਦਾ ਸੀ। ਸਾਖੀ ਕਾਰਾਂ ਨੂੰ ਗੁਰੂ ਬਾਬੇ ਤੇ ਭਾਈ ਮਰਦਾਨੇ ਦੇ ਪੈਰਾਂ ਦੇ ਕੰਡੇ ਗਿਣਨ ਦੀ ਫੁਰਸਤ ਕਦੀ ਨਾ ਹੋਈ। ਭਾਈ ਮਰਦਾਨੇ ਨੂੰ ਗੁਰੂ ਬਾਬੇ ਨੇ ਜੋ ਪਹਿਲਾ ਉਪਦੇਸ਼ ਦਿੱਤਾ ਸੀ ਉਹੀ ਗੁਰ ਉਪਦੇਸ਼ ਗੁਰੂ ਬਾਣੀ ਰਾਹੀਂ ਸਾਰੇ ਸੰਸਾਰ ਤੇ ਸਿੱਖ ਪੰਥ ਨੂੰ ਮਿਲਿਆ। ਇਸ ਤਰ੍ਹਾਂ ਭਾਈ ਮਰਦਾਨਾ ਜੀ ਨੂੰ ਗੁਰੂ ਬਾਬੇ ਦੇ ਪਹਿਲੇ ਸਿੱਖ ਅਤੇ ਸਭ ਤੋਂ ਪਿਆਰੇ ਮਿੱਤਰ ਦੇ ਰੂਪ ਵਿੱਚ ਸਾਥ ਨਿਭਾਉਂਦੇ ਹੋਏ ਦੇਖਦੇ ਹਾਂ। ਭਗਵਾਨ ਕ੍ਰਿਸ਼ਨ ਦੇ ਨਾਲ ਰਹਿ ਕੇ ਉਧਵ ਜੀ ਨੂੰ ਆਤਮ ਗਿਆਨ ਨਾ ਮਿਲਿਆ, ਤੇ ਮਹਾਤਮਾ ਬੁੱਧ ਨਾਲ ਨਿੱਜੀ ਸੇਵਕ ਆਨੰਦ ਨੂੰ ਬੁੱਧਤਵ ਬਾਦ ਵਿੱਚ ਪ੍ਰਾਪਤ ਹੋਇਆ ਪਰ ਭਾਈ ਮਰਦਾਨਾ ਜੀ ਉਦਾਸੀਆਂ ਦੌਰਾਨ ਹੀ ਪੂਰਨ ਆਤਮ ਪ੍ਰਕਾਸ਼ੀ ਸਾਧ ਬਣ ਚੁੱਕੇ ਸਨ। ☬


Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com
*Metres and metres of endless possibilities*

Premium Event Centre
Millennium Centre
Deliberations
Abhinandan
Exporama
Mind Set
Phulkari
Art Craft

# ਸ਼ਬਦਾਂ ਦਾ ਕੰਪੋਜ਼ਰ-ਸੰਗੀਤਕਾਰ ਮੁਹਿੰਦਰਜੀਤ ਸਿੰਘ

ਪ੍ਰੋ. ਗੁਰਮੁਖ ਸਿੰਘ ਸਹਿਗਲ
144/8, ਮੁਹੱਲਾ ਅਰੋੜਿਆਂ, ਨੇੜੇ ਸੈਫਾਬਾਦੀ ਗੇਟ, ਪਟਿਆਲਾ 147 001

ਮੁਹਿੰਦਰਜੀਤ ਸਿੰਘ, ਇੱਕ ਸਫਲ ਗਾਇਕ, ਕੁਸ਼ਲ ਵਾਇਲਨ ਵਾਦਕ, ਕਮਾਲ ਦਰਜੇ ਦਾ ਕੰਪੋਜ਼ਰ, ਜੋ ਕਿ ਸ਼ਾਸਤਰੀ ਅਤੇ ਭਾਵ ਸੰਗੀਤ ਦੋਹਾਂ ਵਿੱਚ ਇੱਕੋ ਜਿਹੀ ਮੁਹਾਰਤ ਰੱਖਦਾ ਹੈ, ਪਿਛਲੇ ਤੀਹ ਪੈਂਤੀ ਸਾਲਾਂ ਤੋਂ ਮੁੰਬਈ ਦੇ ਸੰਗੀਤ ਜਗਤ ਵਿੱਚ ਵਿਚਰ ਰਿਹਾ ਇੱਕ ਵਿਲੱਖਣ ਪ੍ਰਤਿਭਾ ਵਾਲਾ ਸੰਗੀਤਕਾਰ ਹੈ। ਮੁੰਬਈ ਦੇ ਵੱਡੇ ਵੱਡੇ ਸੰਗੀਤਕਾਰ ਉਸ ਦੀ ਸੰਗੀਤਕ ਸੂਝ ਦਾ ਲੋਹਾ ਮੰਨਦੇ ਹਨ। ਪ੍ਰਸਿੱਧ ਸੰਗੀਤਕਾਰ ਨੌਸ਼ਾਦ ਨੇ ਉਸ ਦਾ ਸੰਗੀਤ ਸੁਣ ਕੇ ਉਸ ਨੂੰ ਕਿਹਾ- "ਆਪ ਸੰਗੀਤ ਕਾ ਇਤਨਾ ਬੜਾ ਭੰਡਾਰ ਰਖੇ ਹੂਏ ਹੈਂ, ਕਭੀ ਥੋੜ੍ਹਾ ਸਾ ਮੇਰੀ ਝੋਲੀ ਮੈਂ ਭੀ ਡਾਲ ਦੀਜੀਏ।"

ਅੱਜਕੱਲ੍ਹ ਮੁਹਿੰਦਰਜੀਤ ਸਿੰਘ ਬੜੀ ਲਗਨ ਅਤੇ ਮਿਹਨਤ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਨੂੰ ਬੜੇ ਹੀ ਅਨੂਠੇ ਅੰਦਾਜ਼ ਵਿੱਚ ਕੰਪੋਜ਼ ਕਰਨ ਵਿੱਚ ਜੁੱਟਿਆ ਹੋਇਆ ਹੈ। ਸਾਹਿਤ ਰਸੀਆ ਹੋਣ ਕਰਕੇ ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕੁੱਝ ਅਜਿਹੇ ਸ਼ਬਦਾਂ ਦੀ ਚੋਣ ਕੀਤੀ ਹੈ ਜਿਨ੍ਹਾਂ ਨੂੰ ਸੰਗੀਤਬੱਧ ਕਰਨ ਦਾ ਅਜੇ ਤਕ ਕੋਈ ਸਾਹਸ ਨਹੀਂ ਕਰ ਸਕਿਆ। ਗੁਰੂ ਸਾਹਿਬ ਦੀ ਬਾਣੀ ਵਧੇਰੇ ਕਰਕੇ ਬ੍ਰਜ ਭਾਸ਼ਾ ਵਿੱਚ ਹੈ ਅਤੇ ਇਸ ਭਾਸ਼ਾ ਰਾਹੀਂ ਜਿਸ ਤਰ੍ਹਾਂ ਦਾ ਬੀਰ ਰਸ ਗੁਰੂ ਗੋਬਿੰਦ ਸਿੰਘ ਜੀ ਨੇ ਉਪਜਿਆ ਹੈ ਉਹ ਉਹਨਾਂ ਦੀ ਮਹਾਨ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਦਾ ਹੀ ਲਖਾਇਕ ਹੈ। ਭਗਤੀ ਅਤੇ ਸ਼ਕਤੀ ਦਾ ਮਿਸ਼ਰਣ ਜਿਸ ਤਰ੍ਹਾਂ ਪ੍ਰਭਾਵਸ਼ਾਲੀ ਢੰਗ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚ ਉਭਰ ਕੇ ਸਾਹਮਣੇ ਆਇਆ ਹੈ ਉਸ ਦੀ ਦੁਨੀਆਂ ਭਰ ਵਿੱਚ ਕਿਧਰੇ ਹੋਰ ਮਿਸਾਲ ਨਹੀਂ ਮਿਲਦੀ। ਇਸ ਭਗਤੀ ਅਤੇ ਸ਼ਕਤੀ ਦੀ ਭਾਵਨਾ ਨੂੰ ਮੁਹਿੰਦਰਜੀਤ ਸਿੰਘ ਨੇ ਬੜੇ ਹੀ ਢੁਕਵੇਂ ਰਾਗਾਂ ਅਤੇ ਤਾਲਾਂ ਅਨੁਸਾਰ ਸੁਰਬੱਧ ਕਰਨ ਦਾ ਨਿਮਾਣਾ ਜਿਹਾ ਉਪਰਾਲਾ ਕੀਤਾ ਹੈ। ਇਸ ਕੈਸਟ ਦਾ ਨਾਂ 'ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ' ਰੱਖਿਆ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਨਾ 'ਅਕਾਲ ਉਸਤਿਤ', ਵਿੱਚ 'ਤਵ ਪ੍ਰਸਾਦਿ' ਲਘੂ ਨਿਰਾਜ ਛੰਦ ਵਾਲੀ ਰਚਨਾ "*ਭਜੋ ਹਰੀ, ਥਪੋ ਹਰੀ, ਤਪੋ ਹਰੀ, ਜਪੋ ਹਰੀ*" ਨੂੰ ਦਰਬਾਰੀ ਰਾਗ ਵਿੱਚ ਸੁਰਬੱਧ ਕਰਕੇ ਕੋਈ ਤੀਹ ਦੇ ਕਰੀਬ ਗਾਇਕ ਗਾਇਕਾਵਾਂ ਦੀ ਆਵਾਜ਼ ਵਿੱਚ ਰਿਕਾਰਡ ਕੀਤਾ ਹੈ। ਪ੍ਰਭੂ ਪਰਮਾਤਮਾ ਦੀ ਉਸਤਤੀ ਕਰਨ ਲੱਗਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਇੱਕ ਵਹਾਓ ਅਤੇ ਵਜਦ ਦੀ ਅਵਸਥਾ ਵਿੱਚ ਜਾਪ ਕਰਦੇ ਹਨ ਉਹਨਾਂ ਦੇ ਸਾਹਮਣੇ ਪ੍ਰਭੂ ਦੀ ਉਸਤਤੀ ਕਰਨ ਲਈ ਸ਼ਬਦਾਂ ਦਾ ਅਖੁੱਟ ਭੰਡਾਰ ਹੈ। ਹਰੀ ਦਾ ਜਾਪ ਕਰਦੇ ਕਰਦੇ ਅੰਤ ਵਿੱਚ ਉਹ "ਤੂਹੀ, ਤੂਹੀ, ਤੂਹੀ ਤੂਹੀ" ਜਾਪਦੇ ਹਨ ਜਿਸ ਨਾਲ ਸ਼ਬਦ ਵਿੱਚ ਇੱਕ ਵਿਸਮਾਦੀ ਅਵਸਥਾ ਪੈਦਾ ਹੋ ਜਾਂਦੀ ਹੈ। ਮੁਹਿੰਦਰਜੀਤ ਸਿੰਘ ਨੇ ਜਿਸ ਖ਼ੂਬੀ ਨਾਲ ਇਹ ਸ਼ਬਦ ਸੁਰਬੱਧ ਕੀਤਾ ਹੈ ਉਹ ਸੁਣਦਿਆਂ ਹੀ ਇੱਕ ਗੰਭੀਰ ਜਿਹਾ ਪ੍ਰਭਾਵ ਪੈਂਦਾ ਹੈ ਜਿਸ ਨਾਲ ਪ੍ਰਭੂ ਸਿਮਰਨ ਵਿੱਚ ਲਿਵ ਲਗ ਜਾਂਦੀ ਹੈ।

'ਬਾਦਸ਼ਾਹ ਦਰਵੇਸ਼' ਗੁਰੂ ਗੋਬਿੰਦ ਸਿੰਘ ਨਾਂ ਦੀ ਇਸ ਕੈਸਟ ਦੇ ਕੁਝ ਸ਼ਬਦ ਰਿਕਾਰਡ ਹੋ ਚੁੱਕੇ ਹਨ ਜਿਨ੍ਹਾਂ ਵਿੱਚ '*ਦੇਹਿ ਸ਼ਿਵਾ ਬਰ ਮੋਹਿ ਇਹੈ*' ਸ਼ਬਦ ਨੂੰ ਕੋਈ ਸੱਠ ਗਾਇਕ-ਗਾਇਕਾਵਾਂ ਦੀ ਆਵਾਜ਼ ਵਿੱਚ ਸੁਰਬੱਧ ਕੀਤਾ ਗਿਆ ਹੈ। ਜਦੋਂ ਇੰਨੇ ਗਾਇਕਾਂ ਦੀਆਂ ਆਵਾਜ਼ਾਂ ਇਕੱਠੀਆਂ ਹੋਕੇ ਉਭਰਦੀਆਂ ਹਨ ਤਾਂ ਇੰਜ ਜਾਪਦਾ ਹੈ ਜਿਵੇਂ ਸਾਰਾ ਬ੍ਰਹਿਮੰਡ ਹੀ ਗੂੰਜ ਰਿਹਾ ਹੋਵੇ। ਇਸੇ ਕੈਸਟ ਵਿੱਚ ਕੁਝ ਹੋਰ ਸ਼ਬਦ ਜਿਵੇਂ, ਪਟਨਾ ਸ਼ਹਿਰ ਵਿਖੇ ਭਵਲਯੋ, "ਹਮ ਏਹ ਕਾਜ ਜਗਤ ਮੋ ਆਏ", "ਮਾਨਸ ਕੀ ਜਾਤਿ ਸਬੈ ਏਕੈ", "ਆਗਿਆ ਭਈ ਅਕਾਲ ਕੀ" ਅਤੇ "ਖਾਲਸਾ ਮੇਰੋ ਰੂਪ ਹੈ ਖਾਸ" ਵਰਗੇ ਸ਼ਬਦਾਂ ਨੂੰ ਵੀ ਮੁਹਿੰਦਰਜੀਤ ਸਿੰਘ ਨੇ ਬੜੇ ਵਿਲੱਖਣ ਅੰਦਾਜ਼ ਵਿੱਜ ਕੰਪੋਜ਼ ਕੀਤਾ ਹੈ। ਇਨ੍ਹਾਂ ਸ਼ਬਦਾਂ ਤੋਂ ਇਲਾਵਾ ਇਸ ਕੈਸਟ ਵਿੱਚ ਭਗਤ ਕਬੀਰ ਦੀ ਬੀਰ ਰਸੀ ਭਾਵਨਾ ਵਾਲੀ ਰਚਨਾ "ਸੂਰਾ ਸੋ ਪਹਿਚਾਨੀਏ" ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਣੀ "ਜੇ ਤਉ ਪ੍ਰੇਮ ਖੇਲਨ ਕਾ ਚਾਉ ਸਿਰ ਧਰ ਤਲੀ ਗਲੀ ਮੇਰੀ ਆਉ" ਅਤੇ ਇਸ ਦੇ ਨਾਲ ਭਗਤੀ ਰਸ, ਵਾਲਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਹ ਸ਼ਬਦ "ਰੇ ਮਨ ਐਸੋ ਕਰ ਸਨਿਆਸਾ" ਵੀ ਸ਼ਾਮਿਲ ਕੀਤੇ ਗਏ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਾਲੀ ਇਸ ਕੈਸਟ ਦੀ ਇੱਕ ਖ਼ੂਬੀ ਇਹ ਵੀ ਹੈ ਕਿ ਇਸ ਵਿੱਚ ਭਾਈ ਨੰਦ ਲਾਲ ਗੋਯਾ ਦੀ ਫ਼ਾਰਸੀ ਦੀਆਂ ਦੋ ਰਚਨਾਵਾਂ ਵੀ ਸੁਰਬੱਧ ਕੀਤੀਆਂ ਹਨ। ਗੁਰੂ ਗੋਬਿੰਦ ਸਿੰਘ

ਜੀ ਸੁੰਦਰ ਸ਼ਖ਼ਸੀਅਤ ਤੋਂ ਪ੍ਰਭਾਵਤ ਹੋਕੇ ਭਾਈ ਨੰਦ ਲਾਲ ਗੋਯਾ ਦੀ ਇੱਕ ਗ਼ਜ਼ਲ,

ਦੀਨੋ-ਦੁਨੀਆਂ ਦਰ ਕਮੰਦਿਆਂ ਪਰੀ ਰੁਖ਼ਸਾਰਿਮਾ,
ਹਰ ਦੋ ਆਲਮ ਕੀਮਤਿ-ਯੱਕ ਤਾਰਿ-ਮੂਇ-ਯਾਰਿ ਮਾਂ।

ਨੂੰ ਉਭਰਦੀ ਗਾਇਕ ਨੌਬੀਨਾ ਦੀ ਆਵਾਜ਼ ਵਿੱਚ ਰਿਕਾਰਡ ਕੀਤਾ ਹੈ। ਇਸ ਗ਼ਜ਼ਲ ਵਿੱਚ ਫ਼ਾਰਸੀ ਸ਼ਬਦਾਂ ਦਾ ਉਚਾਰਨ ਬਹੁਤ ਹੀ ਸ਼ੁਧ ਹੈ। ਇਸੇ ਕੈਸਟ ਵਿੱਚ ਭਾਈ ਨੰਦ ਲਾਲ ਜੀ ਦੀ ਇੱਕ ਹੋਰ ਫ਼ਾਰਸੀ ਰਚਨਾ "ਤੌਸੀਫ਼ੋ-ਸਨਾ" ਵਿੱਚ ਗੁਰੂ ਗੋਬਿੰਦ ਸਿੰਘ ਪ੍ਰਤੀ ਸ਼ਰਧਾ ਵਿਅਕਤ ਕੀਤੀ ਹੈ।

ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ।
ਏਜ਼ਦੀ ਮਨਸੂਰ ਗੁਰੂ ਗੋਬਿੰਦ ਸਿੰਘ।

ਇਸ ਰਚਨਾ ਨੂੰ ਵੀਹ ਗਾਇਕ-ਗਾਇਕਾਵਾਂ ਨੇ ਬੜੇ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸ਼ਬਦਾਂ ਦੇ ਨਾਲ ਨਾਲ ਉਨ੍ਹਾਂ ਦੇ ਜੀਵਨ ਬਾਰੇ ਢੁੱਕਵੀਂ ਕੁਮੈਂਟਰੀ ਵੀ ਇਸ ਕੈਸਟ ਦਾ ਹਿੱਸਾ ਹੈ। ਇਹ ਕੁਮੈਂਟਰੀ ਪੰਜਾਬੀ ਤੋਂ ਇਲਾਵਾ ਗੁਜਰਾਤੀ, ਮਰਾਠੀ, ਸਿੰਧੀ ਅਤੇ ਬੰਗਾਲੀ ਭਾਸ਼ਾ ਵਿੱਚ ਵੀ ਵੱਖ-ਵੱਖ ਕੈਸਟਾਂ ਵਿੱਚ ਪੇਸ਼ ਕੀਤੀ ਗਈ ਹੈ ਜੋ ਕਿ ਭਾਰਤ ਦੇ ਕਈ ਪ੍ਰਾਤਾਂ ਵਿੱਚ ਗੁਰੂ ਗੋਬਿੰਦ ਸਿੰਘ ਜੀ ਦਾ ਸੁਨੇਹਾ ਪਹੁੰਚਾਵੇਗੀ।

ਬਾਂਦਰਾ ਦੇ ਕਲਾਈਂਬ ਰਿਕਾਰਡਿੰਗ ਸਟੂਡਿਓ ਵਿੱਚ ਜਦੋਂ ਮੁਹਿੰਦਰਜੀਤ ਸਿੰਘ ਨਾਲ ਮੁਲਾਕਾਤ ਹੋਈ ਤਾਂ ਮੈਂ ਉਨ੍ਹਾਂ ਤੋਂ ਪੁੱਛਿਆ- "ਤੁਸੀਂ ਜਿਸ ਲਗਨ ਅਤੇ ਸ਼ੌਕ ਨਾਲ ਕਲਾਸੀਕਲ ਰਾਗਾਂ ਵਿੱਚ ਸ਼ਬਦ ਅਤੇ ਹੋਰ ਗੀਤ ਕੰਪੋਜ਼ ਕਰ ਰਹੇ ਹੋ ਕੀ ਤੁਸੀਂ ਸਮਝਦੇ ਹੋ ਕਿ ਅੱਜ ਦੇ ਇਸ ਪੋਪ ਸੰਗੀਤ ਦੇ ਜੁੱਗ ਵਿੱਚ ਤੁਹਾਡੇ ਇਸ ਸੰਗੀਤ ਨੂੰ ਕੋਈ ਹੁੰਗਾਰਾ ਮਿਲੇਗਾ?" ਮੇਰੀ ਗੱਲ ਸੁਣਕੇ ਉਹ ਕਹਿਣ ਲੱਗੇ- "ਇਸ ਪਾਪ ਸੰਗੀਤ ਨੇ ਹੀ ਲੋਕਾਂ ਦਾ ਟੇਸਟ ਵਗਾੜਿਆ ਹੈ। ਜੇ ਤੁਸੀਂ ਲੋਕਾਂ ਨੂੰ ਚੰਗਾ ਸੰਗੀਤ ਹੀ ਨਹੀਂ ਦਿਓਗੇ ਤਾਂ ਉਨ੍ਹਾਂ, ਨੇ ਤਾਂ ਇਹੋ ਹੀ ਸੁਣਨਾ ਹੈ। ਲੋਕਾਂ ਦੇ ਸਾਹਮਣੇ ਜਿਸ ਤਰ੍ਹਾਂ ਦੀ ਚੀਜ਼ ਪੇਸ਼ ਕਰੋਗੇ ਜੇ ਉਸ ਦਾ ਕੋਈ ਬਦਲ ਨਹੀਂ ਹੋਵੇਗਾ ਤਾਂ ਲੋਕ ਉਸੇ ਨੂੰ ਹੀ ਸਵੀਕਾਰ ਕਰ ਲੈਣਗੇ। ਲੋੜ ਇਸ ਗੱਲ ਦੀ ਹੈ ਕਿ ਲੋਕਾਂ ਦੇ ਟੇਸਟ ਨੂੰ ਡੀਵੈਲਪ ਕੀਤਾ ਜਾਵੇ। ਲੋਕਾਂ ਨੂੰ ਆਪਣੇ ਸੰਗੀਤ ਦੀ ਉਸ ਮਹਾਨ ਪਰੰਪਰਾ ਤੋਂ ਜਾਣੂ ਕਰਵਾਇਆ ਜਾਵੇ ਜਿਸ ਨੂੰ ਉਹ ਭੁੱਲੀ ਬੈਠੇ ਹਨ। ਸਾਡੇ ਉੱਤੇ ਵੈਸਟਰਨ ਕਲਚਰ ਬੁਰੀ ਤਰ੍ਹਾਂ ਛਾ ਰਿਹਾ ਹੈ ਜਿਸ ਨਾਲ ਅਸੀਂ ਆਪਣੇ ਮਹਾਨ ਗੁਰੂਆਂ ਪੀਰਾਂ ਫਕੀਰਾਂ ਵਾਲੇ ਉੱਚੇ ਸੁੱਚੇ ਕਲਚਰ ਤੋਂ ਟੁੱਟਦੇ ਜਾ ਰਹੇ ਹਾਂ। ਟੀ. ਵੀ. ਆਨ ਕਰੋ ਤਾਂ ਅੱਧ ਨੰਗੇ ਮੁੰਡੇ ਕੁੜੀਆਂ ਰਿੱਛਾਂ ਵਾਂਗੂ ਨੱਚਦੇ ਟੱਪਦੇ ਹਨ। ਸ਼ਰਮੋ-ਹਯਾ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਇਹ ਨੌਜਵਾਨ ਮੁੰਡੇ ਕੁੜੀਆਂ ਕਿਧਰ ਵਲ ਜਾ ਰਹੇ ਹਨ? ਇਨ੍ਹਾਂ ਦੇ ਸਾਹਮਣੇ ਕੋਈ ਸੇਧ ਹੀ ਨਹੀਂ। ਪਰ ਜੇ ਇਨ੍ਹਾਂ ਨੂੰ ਸੇਧ ਦਿੱਤੀ ਜਾਵੇ ਤਾਂ ਮੇਰਾ ਵਿਸ਼ਵਾਸ ਹੈ ਕਿ ਕਦੇ ਨਾ ਕਦੇ ਜ਼ਰੂਰ ਇਹ ਆਪਣੇ ਵਿਰਸੇ ਵੱਲ ਮੁੜਨਗੇ। ਮੈਂ ਤਾਂ ਆਪਣੇ ਸੰਗੀਤ ਰਾਹੀਂ ਲੋਕਾਂ ਦੇ ਇਸ ਗਿਰ ਰਹੇ ਟੇਸਟ ਅਤੇ ਮਿਆਰ ਨੂੰ ਇੱਕ ਸੱਚੀ ਸੁੱਚੀ ਸੇਧ ਦੇਣਾ ਚਾਹੁੰਦਾ ਹਾਂ ਅਤੇ ਇਸ ਲਈ ਮੇਰੇ ਸਾਹਮਣੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਡਲ ਹਨ। ਜਿਨ੍ਹਾਂ ਦੀ ਬਾਣੀ ਭਗਤੀ ਅਤੇ ਸ਼ਕਤੀ ਦੀ ਭਾਵਨਾ ਨਾਲ ਭਰਪੂਰ ਹੈ। ਜੇ ਅਸੀਂ ਆਪਣੇ ਇਸ ਮਹਾਨ ਵਿਰਸੇ ਨੂੰ ਭੁੱਲ ਜਾਵਾਂਗੇ ਤਾਂ ਕੱਖਾਂ ਵਾਂਗੂ ਰੁੱਲ ਜਾਵਾਂਗੇ। ਮੈਂ ਗੁਰੂ ਸਾਹਿਬ ਦੇ ਆਸ਼ੀਰਵਾਦ ਨਾਲ ਇਹ ਕੰਮ ਆਪਣੇ ਹੱਥੀਂ ਲਿਆ ਹੈ ਅਤੇ ਮੇਰੀ ਦਿਨ ਰਾਤ ਇਹੋ ਅਰਦਾਸ ਹੈ ਕਿ ਕਿਸੇ ਤਰ੍ਹਾਂ ਜੇ ਇਸ ਸ਼ੁਭ ਕਾਰਜ ਨੂੰ ਮੈਂ ਨੇਪਰੇ ਚਾੜ੍ਹ ਸਕਾਂ ਤਾਂ ਮੈਂ ਸਮਝਾਂਗਾਂ ਕਿ ਮੇਰੀ ਘਾਲਣਾ ਸਫ਼ਲ ਹੋਈ ਹੈ। ☬

## ਖ਼ਬਰ

ਪਿਛਲੇ ਦਿਨੀਂ ਗੁਰਦੁਆਰਾ ਭਾਈ ਜਗਤਾ ਜੀ ਮਲੋਟ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਉਤਸਵ ਸ਼ਰਧਾ ਪੂਰਵਕ ਮਨਾਇਆ ਗਿਆ। ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਰਾਤ ਵੇਲੇ ਦਿਵਾਨ ਸਜਾਇਆ ਗਿਆ। ਜਿਸ ਵਿੱਚ ਸੰਤ ਭਾਈ ਕਾਹਨ ਸਿੰਘ ਜੀ ਸੇਵਾ ਪੰਥੀ, ਪ੍ਰੋ. ਮੰਗਤ ਸਿੰਘ ਮਸਤਾਨਾ, ਭਾਈ ਪ੍ਰਿਤਪਾਲ ਸਿੰਘ, ਭਾਈ ਮਨਜੀਤ ਸਿੰਘ ਅਤੇ ਭਾਈ ਗੁਰਮੀਤ ਸਿੰਘ ਆਦਿਕ ਜਥਿਆਂ ਨੇ ਸੰਗਤਾਂ ਨੂੰ ਸ਼ਬਦ ਕੀਰਤਨ ਦੁਆਰਾ ਨਿਹਾਲ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਮਾਗਮ ਵਿੱਚ ਹਾਜ਼ਰੀ ਭਰਨ ਲਈ ਮੈਨੇਜਰ ਭਾਈ ਪ੍ਰੀਤਮ ਸਿੰਘ ਪ੍ਰੀਤ ਤੇ ਸੰਤ ਧਰਮ ਸਿੰਘ ਜੀ ਨੇ ਸੰਗਤਾਂ ਦਾ ਧੰਨਵਾਦ ਕੀਤਾ।

ਇਹ ਸੂਚਨਾ ਭਾਈ ਮੰਗਤ ਸਿੰਘ ਮਸਤਾਨਾ, ਮਲੋਟ ਵਲੋਂ 'ਅੰਮ੍ਰਿਤ ਕੀਰਤਨ' ਅਦਾਰੇ ਨੂੰ ਭੇਜੀ ਗਈ।

# ਪੁਸਤਕ ਸਮੀਖਿਆ

**ਪੁਸਤਕ** : ਕਿਰਲੀ ਤੇ ਤਿਤਲੀ **ਲੇਖਕ** : ਮਨਮੋਹਨ ਸਿੰਘ ਦਾਊਂ
**ਪੰਨੇ** : 44 **ਕੀਮਤ** : 40 ਰੁਪਏ **ਪ੍ਰਕਾਸ਼ਕ** : ਉੱਤਮ ਪਬਲੀਕੇਸ਼ਨ, ਦਾਊਂ (ਰੋਪੜ)
**ਰੀਵਿਊਕਾਰ** : ਡਾ. ਗੁਰਮੀਤ ਸਿੰਘ ਬੈਦਵਾਣ

ਮਨਮੋਹਨ ਸਿੰਘ ਦਾਊਂ ਬੱਚਿਆਂ ਦਾ ਚਹੇਤਾ ਲੇਖਕ ਹੈ। ਕਾਫੀ ਲੰਮੇ ਅਰਸੇ ਤੋਂ ਬਾਲ ਸਾਹਿਤ ਨਾਲ ਜੁੜੇ ਮਨਮੋਹਨ ਸਿੰਘ ਦਾਊਂ ਨੇ ਹੁਣ ਤੱਕ ਬਾਲ ਸਾਹਿਤ ਦੇ ਖੇਤਰ ਵਿੱਚ ਲਗਭਗ ਡੇਢ ਦਰਜਨ ਪੁਸਤਕਾਂ ਭੇਟ ਕੀਤੀਆਂ ਹਨ। ਕਿੱਤੇ ਵਜੋਂ ਅਧਿਆਪਕ ਹੋਣ ਦੇ ਨਾਤੇ ਲੇਖਕ ਨੇ ਬੱਚਿਆਂ ਦੀ ਮਾਨਸਿਕਤਾ ਨੂੰ ਨੇੜੇ ਹੋਕੇ ਸਮਝਣ ਦਾ ਸਫਲ ਯਤਨ ਕੀਤਾ ਹੈ। ਹਥਲੀ ਪੁਸਤਕ ਕਿਰਲੀ ਤੇ ਤਿੱਤਲੀ ਵਿੱਚ ਬੱਚਿਆਂ ਲਈ 8 ਕਹਾਣੀਆਂ ਦਿੱਤੀਆਂ ਹਨ।

ਲੇਖਕ ਦੀ ਬਹੁਤੀ ਰਚਨਾ ਕਾਵਿ-ਰੂਪ ਵਿੱਚ ਹੀ ਮਿਲਦੀ ਹੈ ਪ੍ਰੰਤੂ ਉਹ ਬੱਚਿਆਂ ਲਈ ਹਲਕੀ ਫੁਲਕੀ ਵਾਰਤਕ ਲਿਖਣ ਵਿੱਚ ਕਿਸੇ ਤੋਂ ਅੱਡ ਨਹੀਂ ਹਨ। ਪੁਸਤਕ ਵਿਚਲੀ ਪਹਿਲੀ ਕਹਾਣੀ ਦੀ ਸ਼ੁਰੂਆਤ ਤਾਂ ਵੱਡਿਆਂ ਲਈ ਵਾਰਤਕ ਦਾ ਭੁਲੇਖਾ ਪਾਉਂਦੀ ਹੈ। ਕਹਾਣੀ ਦਾ ਅਸਲ ਮਕਸਦ ਸਮਝਾਉਣ ਵੇਲੇ ਤੱਕ ਲੇਖਕ ਆਪਣੀ ਕਲਾ ਦੇ ਸਹਾਰੇ ਇਸ ਨੂੰ ਹੋਰ ਬੋਝਲ ਹੋਣ ਤੋਂ ਬਚਾ ਲੈਂਦਾ ਹੈ। ਇਸ ਕਹਾਣੀ ਦਾ ਆਨੰਦ ਬੱਚੇ ਤੇ ਵੱਡੇ ਸਾਰੇ ਅਨੰਦ ਮਾਣ ਸਕਦੇ ਹਨ। ਮਨੁੱਖੀ ਹਿਰਦਿਆਂ ਖਾਸ ਕਰ ਬੱਚਿਆਂ ਦੇ ਮਨਾਂ ਵਿੱਚ ਜੀਵ ਜੰਤੂਆਂ ਪ੍ਰਤੀ ਦਇਆ ਭਾਵਨਾ ਪੈਦਾ ਕਰਨ ਵਾਲੀ ਇਹ ਇੱਕ ਸਫ਼ਲ ਕਹਾਣੀ ਹੈ।

'ਚੋਚੀ ਤੇ ਕਾਕੂ' ਕਹਾਣੀ ਨੂੰ ਦੁਖਾਂਤ ਦੇ ਸਹਾਰੇ ਛੱਡਣਾ ਬੱਚਿਆਂ ਲਈ ਵਾਜਬ ਨਹੀਂ ਜਾਪਿਆ। ਚੰਗਾ ਹੁੰਦਾ ਲੇਖਕ ਇਸ ਕਹਾਣੀ ਨੂੰ ਹੋਰ ਅੱਗੇ ਲੈ ਜਾਂਦਾ। ਬੋਟ ਆਲ੍ਹਣੇ 'ਚ ਉੱਡ ਪੈਂਦੇ ਤੇ ਸੁਖਨ ਦੀ ਉਦਾਸੀ ਭਵਿੱਖਮੁਖੀ ਆਸ ਦੀ ਉਡਾਣ ਨਾਲ਼ ਜਾ ਜੁੜਦੀ। 'ਅਨੋਖੀ ਸਜ਼ਾ' ਕਹਾਣੀ ਵਿੱਚ ਬੱਚਿਆਂ ਨੂੰ ਝੂਠ ਬੋਲਣ ਪ੍ਰਤੀ ਨਫਰਤ ਜਗਾਉਂਦੀ ਹੋਈ ਇੱਕ ਉਮਦੇਸ਼ਾਤਮਕ ਕਹਾਣੀ ਹੈ। 'ਸਫਲਤਾ ਦਾ ਭੇਤ' ਕਹਾਣੀ। 'ਕਿੰਗ ਬਰੂਸ ਐਂਡ ਸਪਾਈਡਰ' ਵਰਗੀ ਕਹਾਣੀ ਹੈ ਲੇਖਕ ਦਾ ਕਹਿਣਾ ਹੈ ਕਿ ਸ਼ੁਭ ਕਾਰਜਾਂ ਲਈ ਯਤਨ ਜਾਰੀ ਰੱਖੇ ਜਾਣ ਤਾਂ ਸਫਲਤਾ ਜ਼ਰੂਰ ਮਿਲੇਗੀ।

ਲੇਖਕ ਨੇ ਪੁਸਤਕ ਵਿੱਚ ਇੱਕ ਮਹੱਤਵਪੂਰਨ ਰੁਝਾਨ ਜਾਰੀ ਰੱਖਦਿਆਂ ਬੱਚਿਆਂ ਦੇ ਨਜ਼ਦੀਕੀ ਵਾਤਾਵਰਣ ਵਿੱਚੋਂ ਉਹਨਾਂ ਲਈ ਲਾਹੇਵੰਦ ਸੋਚ ਨੂੰ ਇਕੱਤਰ ਕੀਤਾ ਹੈ। ਮਾਂ ਦੀ ਸਿੱਖਿਆ ਵਿੱਚ ਜੇ ਲੋੜਵੰਦਾਂ ਦੀ ਮਦਦ ਵਾਲਾ ਅੰਸ਼ ਸ਼ਾਮਿਲ ਹੋ ਜਾਵੇ ਤਾਂ ਇਸ ਤੋਂ ਵੱਧ ਦਿਆਨਤਦਾਰੀ ਵਾਲਾ ਹੋਰ ਕੀ ਸੰਕਲਪ ਹੋ ਸਕਦਾ ਹੈ। ਸੱਚ ਦੀ ਤਾਕਤ ਕਹਾਣੀ ਝੂਠ ਤੋਂ ਤੋਬਾ ਵਾਲੀ ਅਨੋਖੀ ਸਜ਼ਾ ਕਹਾਣੀ ਦੇ ਮੁਕਾਬਲੇ ਵਿੱਚ ਰੱਖ ਕੇ ਵਿਚਾਰਿਆਂ ਬੱਚਿਆਂ ਲਈ ਨਿਰਸੰਦੇਹ ਸੱਚ ਪ੍ਰਤੀ ਦ੍ਰਿੜਤਾ ਪੈਦਾ ਕਰਦੀ ਹੈ। ਕੋਮਲ ਮਾਸੂਮ ਮੂੰਹਾਂ ਦਾ ਸੱਚ ਪੱਥਰਾਂ ਨੂੰ ਮੋਮ ਬਣਾਉਣ ਦੀ ਤਾਕਤ ਰੱਖਦਾ ਹੈ।

ਮਨਮੋਹਨ ਸਿੰਘ ਦਾਊਂ ਦੇ ਕਹਾਣੀ ਕਹਿਣ ਦੇ ਅੰਦਾਜ਼ ਵਿੱਚ ਵਿਰਸੇ ਪ੍ਰਤੀ ਜਾਗਰੂਕਤਾ ਕਾਇਮ ਰਹਿੰਦੀ ਹੈ। ਤਿੰਨ ਧੀਆਂ ਕਹਾਣੀ ਭਾਵੇਂ ਦਾਦੀ ਮਾਂ ਦੀਆਂ ਕਹਾਣੀਆਂ ਵਿੱਚੋਂ ਸਫਰ ਕਰਕੇ ਆਈ ਜਾਪਦੀ ਹੈ ਪ੍ਰੰਤੂ ਮਾਤਾ ਪਿਤਾ ਦੀ ਸੇਵਾ ਦਾ ਸੰਕਲਪ ਬਾਲ ਹਿਰਦਿਆਂ ਵਿੱਚ ਭਰਪੂਰ ਕਰਦੀ ਹੈ। ਦਾਊਂ ਸਾਹਿਬ ਨੇ ਸ਼ਹਿਦ ਦੇ ਪ੍ਰਤੀਕ ਰਾਹੀਂ ਸਮਝਾ ਦਿੱਤਾ ਹੈ ਕਿ ਸੇਵਾ ਦਾ ਫਲ ਮਿੱਠਾ ਹੁੰਦਾ ਹੈ। ਬੱਚਿਆਂ ਦਾ ਮੁਸ਼ਕਲ ਵੇਲੇ ਹੌਸਲਾ ਵਧਾਉਣ ਵਾਲੀ ਕਹਾਣੀ 'ਧੰਮੀ ਤੇ ਪੋਪੋ' ਆਪਣੀ ਤੋਰ ਤੁਰਦਿਆਂ ਅਖੀਰ ਤੇ ਜਾ ਕੇ ਆਪਣਾ ਯਥਾਰਥ ਗੁਆ ਲੈਂਦੀ ਹੈ। ਜਦੋਂ ਲੇਖਕ ਕਹਿੰਦਾ ਹੈ ਕਿ ਧੁੰਮੀ (ਲੜਕੀ) ਨੇ ਪੋਪੋ (ਬੱਕਰੀ) ਨੂੰ ਫੜ ਕੇ ਗੱਠੜ ਤੋਂ ਉਤਾਰਿਆ ਤੇ ਦੋਵੇਂ ਉਤਰ ਕੇ ਘਰ ਨੂੰ ਚਲ ਪਈਆਂ। ਪਾਣੀ ਅਜੇ ਵੀ ਗਿੱਟੇ ਗਿੱਟੇ ਤੱਕ ਵੱਗ ਰਿਹਾ ਸੀ। ਲੇਖਕ ਨੇ ਇਹ ਹਿਸਾਬ ਨਹੀਂ ਲਾਇਆ ਕਿ ਗਿੱਟੇ ਗਿੱਟੇ ਪਾਣੀ ਵਿੱਚ ਕਿਹੜਾ ਗੱਠੜ ਤੈਰ ਸਕਦਾ ਹੈ ਜਿਸ ਉੱਤੇ ਇੱਕ ਬੱਚਾ ਤੇ ਬੱਕਰੀ ਬੈਠੇ ਹੋਣ।

ਕੁਝ ਇੱਕ ਨਾਵਾਜਬ ਘਟਨਾਵਾਂ ਤੇ ਭਾਰੀ ਸ਼ਬਦਾਵਲੀ ਨੂੰ ਲਾਂਭੇ ਰੱਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਮਨਮੋਹਨ ਸਿੰਘ ਦਾਊਂ ਨੇ ਇਸ ਪੁਸਤਕ ਰਾਹੀਂ ਬੱਚਿਆਂ ਨੂੰ ਵਾਰਤਕ ਦੀ ਭਾਸ਼ਾ ਰਾਹੀਂ ਸਿੱਖਿਆ ਦੇਣ ਦਾ ਯੋਗ ਉਪਰਾਲਾ ਕੀਤਾ ਹੈ। ☬

ਚਿੱਠੀ ਪੱਤਰ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ। ਇਸ ਤੋਂ ਬਿਨ੍ਹਾਂ ਕੋਈ ਕਾਰਵਾਈ ਨਹੀਂ ਹੋ ਸਕਦੀ।
**ਅੰਮ੍ਰਿਤ ਕੀਰਤਨ ਟ੍ਰਸਟ, 1246 (I ਫਲੋਰ), ਸੈਕਟਰ 22-ਬੀ, ਚੰਡੀਗੜ੍ਹ 160 022**

# AMRITVELA VADIAI VICHAR

Bhagawant Singh Dalawari
Tapovan, Amravati 444 602 (Maharashtra)

Ever since AMRITVELA was introduced to me by the grace of GURU GRANTH SAHIB in terms of Guru Nanak's JAPUJI SAHIB, the bliss of that hour has never ceased nor decreased. Apart from the methods of meditation that people employed and continue to employ for developing spiritual equanimity, the simple method of AMRITVELA SACH NAON VADIAI VICHAR gives me the greatest satisfaction. More so, because I meditate on the transmission of SHABADS from Harmandir Sahib and every morning, there is a new banquet with new tasty offerings involving the Sikh's love for the Guru, the Guru's love for the Sikh and their relationship with the Lord as our Father, Mother, Husband and, indeed, everything.

We must have heard, sung, related and talked about this ceremonial pre-ARDAS invocation, extracted from SUKHMANI SAHIB innumerable times but the flavour of this being sung as a shabad brought out in a wondrous manner the dignity of a devotee's relationship with the Lord, the sense of satisfaction and peaceful existence felt by the devotee in relation to the Lord and a wish never to be separated from, HIM. Let us look at the words:

TU THAKUR TUM PEH ARDAS
JIO PIND SAB TERI RAAS
TUM MAAT PITA HAM BARAK TERE
TUMRI KRIPA MEIN SUKH GHANERE
KOE NA JAANE TUMRA AANT
UCHE TE UCHA BHAGWANT
SAGAL SAMIGRI TUMRE SUTAR DHARI
TUMHEESHOHE SO AGYAKAARI
TUMRI GAT MIT TUMHEE JAANI
NANAK DAS SADA QURBANI

Since the basic line that the singers took was TUMRI KRIPA MEIN SUKH GHANERE, I set out on meditation of numerous kindness of the Lord in every sphere of my life. Although we say DUKH SUKH HAI MANN KI BIRTHA (Pain and comfort are only the state of mind) we cannot deny that the equanimity granted by the Lord is not only conducive to BHAKTI but also a great catalyst in analysing the love of the Lord which provides not only peace and happiness when the bliss is there, but also acceptance with cheer of a state of adversity through the feeling of association with the Lord. And when we say -"YOU ARE MY MASTER AND TO YOU I OFFER MY PRAYER", we at once bring our status to an abject helplessness of a slave offering our body soul in surrender.

We must not miss the wonderful intertwining of Guru Arjan's penchant for father-child relationship with the Lord into a helpless surrender of a slave. In other words, on the one hand there is complete self-annihilation like that of a slave in the presence of the Master, on the other is a yearning as a loving child for the protection of father and mother, when the Guru says: YOU ARE MY FATHER AND MY MOTHER AND I AM YOUR CHILD and for that reason, because of your grace, I have a lot of comforts.

Since no one can know in totality the vastness and limitlessness of the Lord, the Guru says: NO ONE CAN EVER FATHOM YOUR TOTALITY, because YOU, LORD, ARE THE HIGHEST

OF THE HIGH. Let us think of Guru Nanak's words: JISNU BAKSE SIFAT SALAH NANAK PATSAHI PATSAH (The one on whom the Lord bestows the gift of praising the Lord -SIFAT SALAH- becomes the king of the kings.) Guru guides us into praising the Lord in such a way that we recognise HIS majesty. The same is manifested in PAUDI 18 of ASA-DI-VAR: SATGUR VADHA KAR SALAHIYE JIS VICH VADIAN VADIAIAN....

*"Praise the highly placed Satguru in high tones, the Satguru ...., has high attributes. Only when the Lord makes us meet him, we see these glories. And then While he places his hand on our heads, he orders the vices out."*

And, then, another wonder the Guru brings before us by declaring: "Lord, the whole world is living through you and it is Your command that is fulfilled." We must have realised many times in our lives that whatever happens, happens with the will of the lord. Sometimes while we plan to go on the right, we are forced to move left. MATA KARE PACHCHAM KE TAIN POORAB HE LAI JAAT. (We resolve to go to the West, He takes us to the East.)

And, finally, the Guru declares: "Lord, You yourself know your attributes, your limits, but I am always sacrifice unto you. "That is what our guru expects us all to do. In brief, we should surrender ourselves completely to our Master, regard HIM as our protective parent, consider HIM to be in command, live in His will and recognise our incapacity to know HIM fully.

This shabad, as if in a sequence, was followed by the one below signifying our littleness and the Lord's grandeur:

HE GOBIND HE GOPAL HE DAYAL LAAL
PRAN NAATH ANAATH SAKHE DEEN DARAD NIVAR
HE SAMARTH AGAM POORAN MOHE MAYA DHAR
ANDH KOOP MAHA BHAYAN NANAK PAAR UTAR

(M-5, GGS-1273)

In order that we should be able to attune ourselves to the system of prayer envisaged in the first SHABAD, the pleading go as follows:

- Oh, my Lord, my protector, my compassionate Beloved,

- Oh, the Master of my life, the helper of the helpless,

- Relieve me of the pain of this lowly man

- Oh, the Perfect one, unapproachable but Perfect nonetheless,

- I am engrossed in MAYA.

- Take me out of this blind deep dreadful well of MAYA.

Those who have never experienced the grace of AMRITVELA and have never pondered over the glories of prayerful meditation at the ambrosial hour may not realise what different presence of the Lord one feels in reciting or listening to the SHABADS which we may have heard or sung many times anywhere at other times. But let us not lose sight of the assurances of our Gurus:

***Guru Amar Dass*** - When the CHATRIK shrieks out at AMRITVELA for that drop producing pearls, the clouds are ordered to send rain mercifully so that the shrieks of the CHATRICK are heard and satisfied.

***Guru Arjan*** - When you get up at Amritvela and engage yourself in Naam Japna and then remember Him day and night, you are permanently relieved of burning and hankerings and all impediments are removed.

ਮਾਤਾ ਜੀ ਨੇ ਬਾਲਕ ਚਿੰਤਾ ਮਨੀ ਨੂੰ ਪੁੱਛਿਆ- "ਕੁਛ ਸਿਖਾਇਆ?"

"ਮੇਰਾ ਤਾਂ ਅਜੇ ਹੱਥ ਵੀ ਨਹੀਂ ਰਖਾਇਆ।"

"ਅੱਜ ਆ ਲੈਣ ਦੇ ਵੱਡੇ ਉਸਤਾਦ ਨੂੰ।" -ਮਾਤਾ ਜੀ ਨੇ ਕਿਹਾ।

ਸ਼ਾਮ ਨੂੰ ਜਦ ਮੀਆਂ ਕਾਦਰ ਬਖਸ ਘਰ ਆਏ ਤਾਂ ਬੇਗਮ ਸਾਹਿਬ ਨੇ ਰੋਸ ਅਤੇ ਗੁੱਸੇ ਦੇ ਰਲੇ ਮਿਲੇ ਭਾਵ ਨਾਲ ਕਿਹਾ- "ਤੁਸੀਂ ਸਾਰੇ ਜਹਾਨ ਦਿਆਂ ਛੋਕਰਿਆਂ ਨੂੰ ਤਬਲਾ ਸਿਖਾਈ ਜਾਂਦੇ ਓ। ਮੇਰੇ ਪੁੱਤਰ ਨੂੰ ਕਿਉਂ ਨਹੀਂ ਸਿਖਾਉਂਦੇ?"

"ਸਿਖਾਉਨੇ ਆ ਬਈ।"

"ਅੱਜ ਹੀ ਸ਼ੁਰੂ ਕਰੋ।"

"ਅੱਛਾ ਬਈ ਕਰਨੇ ਆਂ ਰਸਮ ਤਾਂ ਕਰ ਲਈਏ।"

ਮਾਤਾ ਜੀ ਰਸੋਈ ਵਿੱਚ ਇੱਕ ਥਾਲੀ ਵਿੱਚ ਗੁੜ ਪਾ ਕੇ ਲਿਆਏ ਮੁਠੀ ਭਰ ਕਣਕ ਛੋਲਿਆਂ ਦੇ ਦਾਣੇ ਰੱਖੇ। ਉਸਤਾਦ ਜੀ ਨੇ ਬਾਲਕ ਚਿੰਤਾ ਮਨੀ ਨੂੰ ਕੋਲ ਬੁਲਾਇਆ ਆਪਣੀ ਜੇਬ ਵਿੱਚੋਂ ਇੱਕ ਰੁਪਿਆ ਕੱਢ ਕੇ ਫੜਾਉਂਦੇ ਹੋਏ ਕਹਿਣ ਲੱਗੇ- "ਇਹ ਮੈਨੂੰ ਦੇ ਦਈ।"

ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ ਗਿਆ ਤੇ ਹੱਥ ਦੀ ਕਲਾਈ ਤੇ ਧਾਗਾ ਬੰਨਿਆ ਜਿਸ ਨੂੰ ਗੰਢਾ ਬੰਨ੍ਹਣਾ ਆਖਦੇ ਹਨ।

ਇਸ ਸਾਖੀ ਵਿੱਚੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੁਰਾਤਨ ਲੋਕ ਆਪਣੀ ਮਰਿਆਦਾ ਨੂੰ ਕਾਇਮ ਰੱਖਦੇ ਸਨ। ਸੋ ਅੱਜ ਵੀ ਸਾਨੂੰ ਅਧਿਆਪਕਾਂ ਨੂੰ ਅਤੇ ਵਿਦਿਆਰਥੀਆਂ ਨੂੰ ਆਪਣੀ ਆਪਣੀ ਮਰਿਆਦਾ ਕਾਇਮ ਰੱਖਣੀ ਚਾਹੀਦੀ ਹੈ ਤਾਂ ਕਿ ਆਉਣ ਵਾਲੀ ਪੀੜ੍ਹੀ ਵਾਸਤੇ ਇੱਕ ਉਦਾਹਰਨ ਕਾਇਮ ਹੋਵੇ।

**ਤਾਲ ਕਹਿਰਵਾ:** ਮਾਤ੍ਰਾਂ 8, ਭਾਗ ਦੋ, ਪਹਿਲੀ ਤੇ ਸਮ ਪੰਜਵੀਂ ਖਾਲੀ। ਇਹ ਤਾਲ ਚੰਚਲ ਬਿਰਤੀ ਦਾ ਤਾਲ ਹੈ। ਇਸਦਾ ਪ੍ਰਯੋਗ ਜ਼ਿਆਦਾ ਤਰ ਸੁਗਮ ਸੰਗੀਤ ਸ਼ਬਦ, ਗਜਲ, ਭਜਨ, ਗੀਤ ਆਦਿ ਦੀ ਸੰਗਤ ਨਾਲ ਕੀਤਾ ਜਾਂਦਾ ਹੈ। ਵੱਡੀਆਂ ਤਾਲਾਂ ਦੀ ਤਰ੍ਹਾਂ ਕਹਿਰਵੇ ਵਿੱਚ ਜ਼ੋਰਦਾਰ ਪਰਨਾਂ, ਚੱਕਰਦਾਰ ਪਰਨਾਂ ਜਾਂ ਟੁਕੜੇ ਨਹੀਂ ਵਜਾਏ ਜਾਂਦੇ ਸਗੋਂ ਲੱਗੀ-ਲੜੀ ਅਤੇ ਤਰਾਂ-ਤਰਾਂ ਦੇ ਪ੍ਰਕਾਰ ਵਜਾਏ ਜਾਂਦੇ ਹਨ ਠਾਹ, ਦੁਗਣ, ਚੌਗੁਣ ਦੀ ਲੈ ਵਿੱਚ ਲਗੀਆਂ ਵਜਾਈਆਂ ਜਾਂਦੀਆਂ ਹਨ।

| 1 | 2 | 3 | 4 | 5 | 6 | 7 | 8 |
|---|---|---|---|---|---|---|---|
| ਧਾ | ਗੇ | ਨਾ | ਤੀ | ਨ | ਕ | ਧਿੰ | ਨਾ |
| X | | | | 0 | | | |
| ਧਾ | ਧਿੰ | ਤਕ | ਧਿੰ | ਧਾ | ਤਿੰ | ਤਕ | ਧਿੰ |
| ਧਾ | ਧਿੰ | ਨਾਨਾ | ਗਿਨਾ | ਧਾ | ਤਿੰ | ਨਾਨਾ | ਕਿਨਾ |
| ਧਾ | ਧਿੰ | ਨਾਨਾ | ਤਿਰਕਿਟ | ਧਾ | ਤਿੰ | ਨਾਨਾ | ਤਿਰਕਿਟ |
| ਤਿਰਕਿਟ | ਧਾ | ਧਿੰ | ਨਾਨਾ | ਤਿਰਕਿਟ | ਤਾ | ਤਿੰ | ਨਾਨਾ |
| *ਲਗੀਆਂ* | | | | | | | |
| ਧਿੰ | ਧਿੰਨਾ | ਨਾਗੇ | ਧਿੰਨਾ | ਤਿੰ | ਤਿੰਨ | ਧਾਗੇ | ਧਿੰਨਾ |
| ਧਾਗੇ | ਧਾਤੀਂ | ਤਰ | ਧਿੰਨਾ | ਤਾਕੇ | ਤਾਤੀਂ | ਤਕ | ਧਿੰਨ |
| ਧਾ | ਧਾਤੀ | ਨਾਗੇ | ਧਾਤੀ | ਤਾ | ਤਾਤੀਂ | ਨਾਗੇ | ਧਾਤੀ |
| ਧਾਤੀ | ਧਾ | ਧਾਤੀ | ਨਾਗੇ | ਤਾਤੀ | ਤਾ | ਤਾਤੀ | ਨਾਗੇ |
| ਧਾਤੀ | ਧਾਗੇ | ਧਿੰਨਾ | ਨਾਗੇ | ਤਾਤੀ | ਤਾਗੇ | ਤਿਨਾ | ਨਾਗੇ |
| ਧਿੰਨਾ | ਧਾਗੇ | ਧਾਤੀ | ਧਾਗੇ | ਤਿੰਨਾ | ਤਾਕੇ | ਤਾਤੀ | ਧਾਗੇ |
| ਧਿੰਨਾ | ਧਾਤੀ | ਨਾਗੇ | ਧਿਨਾ | ਤਿਨਾ | ਤਾਕੇ | ਤਾਤੀ | ਧਾਗੇ |
| ਧਾਤੀ | ਧਾਗੇ | ਧਿਨਾ | ਗਿਨਾ | ਤਾਤੀ | ਤਾਕੇ | ਤਿਨਾ | ਗਿਨਾ |
| ਧਾਤੀ | ਨਾਰੇ | ਧਿਨਾ | ਗਿਨਾ | ਧਿਨਾ | ਗਿਨਾ | ਧਾਤੀ | ਨਾਗੇ |
| ਧਾਤਿਰ | ਕਿਟਧਾ | ਤਿਰਕਿਟ | ਧਾਧਾ | ਤਾਤਿਰ | ਕਿਟਤਾ | ਤਿਰਕਿਟ | ਤਾਤਾ |
| ਧਾਗੇ | ਤਿਰਕਿਟ | ਧਿਨਾ | ਗਿਨਾ | ਤਾਕੇ | ਤਿਰਕਿਟ | ਤਿਨਾ | ਕਿਨਾ |
| ਤਿਰਕਿਟ | ਧਿਨਾ | ਗਿਨਾ | ਨਾਗੇ | ਤਿਰਕਿਟ | ਤਿਨਾ | ਕਿਨਾ | ਨਾਗੇ |
| ਤਿਰਕਿਟ | ਧਿੰ | ਨਾਗੇ | ਧਿੰਨਾ | ਧਾਤਿਰ | ਕਿਟਧਿੰ | ਨਾਗੇ | ਧਿਨਾ |

| | | | | | | | |
|---|---|---|---|---|---|---|---|
| ਤਿਰਕਿਟ | ਤਿੰ | ਨਾਕੇ | ਤਿਨਾ | ਧਾਤਿਰ | ਕਿਟਧਿੰ | ਨਾਗੇ | ਧਿੰਨਾ |
| ਧਾ | ਧਿੰ | S | ਧਿੰ | ਨ | ਕ | ਧਿੰ | ਨਾ |
| ਤਾ | ਤਿੰ | S | ਤਿੰ | ਨ | ਕ | ਧਿੰ | ਨਾ |

***ਮੋਹਰੇ-ਮੁਖੜੇ***

| | | | | |
|---|---|---|---|---|
| ਧਾਗੇ | ਤਿਰਕਿਟ | ਤਿਕਤਕ | ਤਿਰਕਿਟ | ਧਾ |
| ਕਿਟਤਕ | ਤਿਰਕਿਟ | ਤਿਕਤਕ | ਤਿਰਕਿਟ | |
| ਕਿੜਨਗ | ਤਿਰਕਿਟ | ਤਿਕਤਕ | ਤਿਰਕਿਟ | |
| ਧਾਧਾ | ਤਿਰਕਿਟ | ਧਾ | ਧਾਧਾ | |
| ਤਿਰਕਿਟ | ਧਾ | ਧਾਧਾ | ਤਿਰਕਿਟ | ਧਾ |
| ਤਿਰਕਿਟ | ਧਾਤਿਰ | ਕਿਟਧਾ | ਤਿਰਕਿਟ | |

ਉਪਰੋਕਤ ਸਾਰੇ ਪ੍ਰਕਾਰ ਜੋ ਕਹਿਰਵਾ ਤਾਲ ਦੇ ਲਿਖੇ ਹਨ ਰੂਪ ਵਾਰ ਪਹਿਲੇ 4 ਠੇਕੇ ਦੇ ਪ੍ਰਕਾਰ ਹਨ। ਕਿਉਂਕਿ ਸੁਗਮ ਸੰਗੀਤ ਦੀ ਸੰਗਤ ਵਾਸਤੇ ਬਿਲੰਬਤ-ਮਧ-ਦਰੁਤ-ਲੈ ਦੇ ਠੇਕੇ ਵੱਖਰੇ 2 ਲਾਏ ਜਾਣਗੇ। ਏਸੇ ਤਰ੍ਹਾਂ ਲਗੀਆਂ ਦਾ ਠਾਹ ਦੁਗਣ ਤੇ ਚੌਗੁਣ ਦੀ ਲੈ ਵਿੱਚ ਅਭਿਆਸ ਕਰਨ ਨਾਲ ਇਹ ਕੰਟਰੋਲ ਵਿੱਚ ਹੋ ਜਾਣਗੀਆਂ। ਫਿਰ ਜਿਵੇਂ ਚਾਹਵੋਂ ਵਜਾ ਸਕਦੇ ਹੋ। ਕਹਿਰਵੇ ਦੀ ਵਜਾਈ ਵਿੱਚ ਬਾਏਂ ਜਾਂ ਡੁਗੀ ਦਾ ਵਿਸ਼ੇਸ਼ ਥਾਂ ਹੈ ਇਸ ਕਰਕੇ ਡੁਗੀ ਦੀ ਭਰਾਈ ਅਤੇ ਗਮਕ ਦਾ ਖਾਸ ਧਿਆਨ ਰੱਖਿਆ ਜਾਵੇ ਤਾਂ ਕਿ ਤੁਹਾਡੇ ਬਾਜ ਵਿੱਚ ਰੰਜਕਤਾ ਪੈਦਾ ਹੋ ਸਕੇ। ਇਹ ਨਿਰੰਤਰ ਅਭਿਆਸ ਨਾਲ ਆ ਜਾਵੇਗੀ। Practice makes a man perfect. ਮਿਹਨਤ ਦਾ ਫਲ ਮਿੱਠਾ। ਇਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਮਿਹਨਤ ਕਰੀ ਜਾਉ ਸਫਲਤਾ ਅਕਾਲਪੁਰਖ ਆਪ ਬਖਸ਼ੇਗਾ। ਬਾਕੀ ਅਗਲੀ ਵਾਰ। ☬


**ਸਾਡਾ ਵਿਰਸਾ ਸਾਡਾ ਗੌਰਵ**

(ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਮਾਸਿਕ ਪੱਤਰ)

ਮਾਡਲ ਟਾਊਨ ਐਕਸਟੈਨਸ਼ਨ

ਲੁਧਿਆਣਾ - 141 002


### ਵਿਸ਼ੇਸ਼ ਸੂਚਨਾ

ਅੱਗੇ ਤੋਂ ਮੈਗਜ਼ੀਨ ਦਾ ਸਾਲਾਨਾ ਚੰਦਾ ਕੇਵਲ ਜਨਵਰੀ ਤੋਂ ਦਸੰਬਰ ਤਕ ਲਿਆ ਜਾਵੇਗਾ। ਭਾਵ ਹਰ ਨਵਾਂ ਮੈਂਬਰ ਹੁਣ ਜਨਵਰੀ ਤੋਂ ਮੈਂਬਰ ਬਣਾਇਆ ਜਾਵੇਗਾ। ਜਿਹਨਾਂ ਦੇ ਚੰਦੇ ਜਨਵਰੀ ਤੋਂ ਬਾਦ ਆਉਣਗੇ ਉਹਨਾਂ ਨੂੰ ਪਹਿਲੇ ਅੰਕ ਭੇਜ ਦਿੱਤੇ ਜਾਇਆ ਕਰਨਗੇ।

ਇਸ ਸਾਲ ਵਿਸ਼ੇਸ਼ ਰਿਆਇਤ ਦੇ ਰਹੇ ਹਾਂ। ਜਿਹੜੇ ਸਜਣ ਸਾਨੂੰ 30 ਨਵੰਬਰ ਤੱਕ 100 ਰੁ: ਭੇਜਣਗੇ ਅਸੀਂ ਉਹਨਾਂ ਨੂੰ ਜਨਵਰੀ 2001 ਤੋਂ ਦਸੰਬਰ 2001 ਤੱਕ ਮੈਂਬਰ ਬਣਾ ਲਵਾਂਗੇ। ਇੰਜ ਉਹ ਪੂਰੇ 50 ਰੁ: ਬਚਾ ਸਕਣਗੇ।


ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ॥

HELP NEEDY

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ੍ਹ

PHONES : 701238, 713915, 701396

HELP NEEDY

**IN THE SERVICE OF HUMANITY**

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| **ਆਸਾ ਸੇਖ ਫਰੀਦ ਜੀਉ ਕੀ ਬਾਣੀ (488)** | | |
| ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥ | They alone, who have heart felt love for the Lord are the true persons. | ਕੇਵਲ ਉਹੀ ਸਚੇ ਪੁਰਸ਼, ਜਿਨ੍ਹਾਂ ਦਾ ਸਾਹਿਬ ਨਾਲ ਦਿਲੀ ਪ੍ਰੇਮ ਹੈ। |
| ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥੧॥ | They who have one thing in their heart and another in their mouth are accounted false. | ਜਿਨ੍ਹਾਂ ਦੇ ਦਿਲ ਵਿੱਚ ਇੱਕ ਗੱਲ ਹੈ ਅਤੇ ਮੂੰਹ ਵਿੱਚ ਹੋਰਸੁ ਕੋਈ, ਉਹ ਕੂੜੇ ਕਹੇ ਜਾਂਦੇ ਹਨ। |
| ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥ | They, who are imbued with Lord's love, remain delighted with His sight. | ਜੋ ਪ੍ਰਭੂ ਦੇ ਪ੍ਰੇਮ ਨਾਲ ਰੰਗੀਜੇ ਹਨ, ਉਹ ਉਸ ਦੇ ਦਰਸ਼ਨ ਨਾਲ ਪ੍ਰਸੰਨ ਵਿਚਰਦੇ ਹਨ। |
| ਵਿਸਰਿਆ ਜਿਨ ਨਾਮੁ ਤੇ ਭੁਇ ਭਾਰ ਥੀਏ॥੧॥ | They who forget God's Name, become a burden on the earth. | ਜੋ ਵਾਹਿਗੁਰੂ ਦੇ ਨਾਮ ਨੂੰ ਭੁਲਾਉਂਦੇ ਹਨ, ਉਹ ਧਰਤੀ ਉੱਤੇ ਇੱਕ ਬੋਝ ਹੋ ਜਾਂਦੇ ਹਨ। |
| ਰਹਾਉ॥ | Pause. | ਠਹਿਰਾਉ। |
| ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥ | They, whom the Lord attaches to his skirt, are the real beggars at His gate. | ਜਿਨ੍ਹਾਂ ਨੂੰ ਪ੍ਰਭੂ ਆਪਣੇ ਪੱਲੇ ਨਾਲ ਜੋੜ ਲੈਂਦਾ ਹੈ, ਉਹੀ ਉਸ ਦੇ ਦਰਵਾਜੇ ਦੇ ਅਸਲੀ ਮੰਗਤੇ ਹਨ। |
| ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥੨॥ | Blest are the mothers who bore them. Profitable is their advent in this world. | ਮੁਬਾਰਕ ਹਨ, ਉਹ ਮਾਤਾਵਾਂ, ਜਿਨ੍ਹਾਂ ਨੇ ਉਨ੍ਹਾਂ ਨੂੰ ਜਨਮ ਦਿੱਤਾ ਹੈ। ਲਾਭਦਾਇਕ ਹੈ ਉਨ੍ਹਾਂ ਦਾ ਆਗਮਨ ਇਸ ਜਹਾਨ ਵਿੱਚ। |
| ਪਰਵਦਗਾਰ ਅਪਾਰ ਅਗਮ ਬੇਅੰਤ ਤੂ॥ | O my Cherisher, Thou art Illimitable, Inaccessible and Infinite, | ਹੇ ਮੈਂਡੇ ਪਾਲਣ-ਪੋਸਣਹਾਰ! ਤੂੰ ਬੇਹੱਦ, ਪਹੁੰਚ ਤੋਂ ਪਰੇ ਅਤੇ ਅਨੰਤ ਹੈਂ। |
| ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ॥੩॥ | They, who recognise the True Lord; -their feet, I kiss. | ਜੋ ਸੱਚੇ ਸਾਹਿਬ ਨੂੰ ਸਿੰਞਾਣਦੇ ਹਨ, ਉਨ੍ਹਾਂ ਦੇ ਚਰਨ ਮੈਂ ਚੁੰਮਦਾ ਹਾਂ। |
| ਤੇਰੀ ਪਨਹ ਖੁਦਾਇ ਤੂ ਬਖਸੰਦਗੀ॥ | I seek Thy protection, O God. Thou art my forgiving Lord. | ਮੈਂ ਤੈਂਡੀ ਪਨਾਹ ਮੰਗਦਾ ਹਾਂ, ਹੇ ਵਾਹਿਗੁਰੂ! ਤੂੰ ਮੈਂਡਾ ਮਾਫ਼ੀ ਬਖਸ਼ਣਹਾਰ ਮਾਲਕ ਹੈ। |
| ਸੇਖ ਫਰੀਦੈ ਖੈਰੁ ਦੀਜੈ ਬੰਦਗੀ॥੪॥੧॥ | Bless Thou Sheikh Farid with the bounty of Thine meditation, O my Lord. | ਤੂੰ ਸ਼ੇਖ ਫ਼ਰੀਦ ਨੂੰ ਆਪਣੇ ਸਿਮਰਨ ਦੀ ਭਿੱਛਿਆ ਦੀ ਦਾਤ ਦੇ, ਹੇ ਮੇਰੇ ਪ੍ਰਭੂ। |

● ● ●

| | | |
|---|---|---|
| **ਮਹਲਾ ੫॥ (ਆਸਾ ਧੰਨਾ ਜੀ)** | **5th Guru.** | **ਪੰਜਵੀਂ ਪਾਤਿਸ਼ਾਹੀ।** |
| ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥ | In the Lord, the Lord, the Lord of the world, was Nam Dev's soul absorbed. | ਸੁਆਮੀ, ਸੁਆਮੀ ਸ੍ਰਿਸ਼ਟੀ ਦੇ ਸੁਆਮੀ, ਅੰਦਰ ਨਾਮ ਦੇਵ ਦੀ ਆਤਮਾ ਸਮਾ ਗਈ। |
| ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ॥੧॥ | A calico-printer, worth half a shell, became worth-lakhs. | ਅੱਧੀ ਕੌਡੀ ਦਾ ਛੀਂਬਾ ਲੱਖਾਂ-ਪਤੀ ਬਣ ਗਿਆ। |
| ਰਹਾਉ॥ | Pause. | ਠਹਿਰਾਉ। |

| | | |
|---|---|---|
| ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥ | Abandoning weaving and stretching thread, Kabir enshrined love for Lord's feet. | ਉਣਨਾ ਅਤੇ ਤਣਨਾ ਛਡ ਕੇ, ਕਬੀਰ ਨੇ ਸਾਹਿਬ ਦੇ ਪੈਰਾਂ ਨਾਲ ਪਿਆਰ ਪਾ ਲਿਆ। |
| ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥੧॥ | A weaver of low family, he became an ocean of excellences. | ਨੀਵੇਂ ਘਰਾਣੇ ਦਾ ਜੁਲਾਹਾ, ਉਹ ਬਜ਼ੁਰਗੀਆਂ ਦਾ ਸਮੁੰਦਰ ਹੋ ਗਿਆ। |
| ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ॥ | Ravidas who daily used to carry dead cattle; he abandoned the worldly affairs. | ਰਵਿਦਾਸ ਜੋ ਨਿਤਾਪ੍ਰਤੀ ਮਰੇ ਹੋਏ ਪਸ਼ੂ ਢੋਂਦਾ ਹੁੰਦਾ ਸੀ, ਉਸ ਨੇ ਸੰਸਾਰੀ ਧੰਦੇ ਛਡ ਦਿੱਤੇ। |
| ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ॥੨॥ | He became renowned in the company of saints and obtained a sight of God. | ਉਹ ਸੰਤਾਂ ਦੀ ਸੰਗਤ ਅੰਦਰ ਨਾਮਵਰ ਹੋ ਗਿਆ ਅਤੇ ਉਸ ਨੇ ਵਾਹਿਗੁਰੂ ਦਾ ਦੀਦਾਰ ਪਾ ਲਿਆ। |
| ਸੈਨੁ ਨਾਈ ਬੁਤ ਕਾਰੀਆ ਓਹੁ ਘਰਿ ਘਰਿ ਸੁਨਿਆ॥ | Sain barber, the village drudge, became known in every house. | ਸੈਣ ਹਜਾਮ, ਪਿੰਡ ਦੀਆਂ ਬੁੱਤੀਆਂ ਕਰਨ ਵਾਲਾ ਹਰ ਇੱਕ ਗ੍ਰਿਹ ਵਿੱਚ ਪ੍ਰਸਿੱਧ ਥੀ ਗਿਆ। |
| ਹਿਰਦੈ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ॥੩॥ | The supreme Lord dwelt in his mind and he was numbered among the saints. | ਸ਼੍ਰੋਮਣੀ ਸਾਹਿਬ ਨੇ ਉਸ ਦੇ ਮਨ ਅੰਦਰ ਨਿਵਾਸ ਕਰ ਲਿਆ ਤੇ ਉਹ ਸਾਧੂਆਂ ਵਿੱਚ ਗਿਣਿਆ ਗਿਆ। |
| ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ॥ | Hearing in this way, the jat applied himslef to Lord's meditation. | ਇਸ ਤਰ੍ਹਾਂ ਸ੍ਰਵਣ ਕਰ ਕੇ, ਜੱਟ, ਪ੍ਰਭੂ ਦੇ ਸਿਮਰਨ ਵਿੱਚ ਜੁਟ ਗਿਆ। |
| ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥੪॥੨॥ | God, the Lord of the world, met him, in person and Dhanna became supremely fortunate. | ਸ੍ਰਿਸ਼ਟੀ ਦਾ ਸੁਆਮੀ, ਵਾਹਿਗੁਰੂ ਉਸ ਨੂੰ, ਸਾਖਸ਼ਾਤ ਹੋ ਕੇ ਮਿਲਿਆ ਅਤੇ ਧੰਨਾ ਪਰਮ ਚੰਗੇ ਨਸੀਬਾਂ ਵਾਲਾ ਹੋ ਗਿਆ। |

## GURU GRANTH SAHIB

- The 'Holy Garnth' contains the message of God
- It is the true and permanent Guru of the Sikhs
- It was compiled by Guru Arjan, the fifth Sikh Guru
- It contains verses by six Sikh Gurus and other Indian Saints like Kabir, Farid, Surdas, Namdev, Tirlochan, Ravidas, Ramanand, Dhana and Jaidev
- The verses are set in 31 musical raagas (tunes)
- Most verses are easy to understand
- God has been addressed by different names like Ishwar, Gobind, Ram, Rahim, Karim and Allah

### *Main message for humanity*

- Only by the grace of a true Guru, the ego can be dissolved and eternal happiness can be achieved
- Smilingly accept the will of God
- Selfless service of humanity is true worship
- Women deserve the same respect as men
- Truth is highest of all, higher still is truthful living

*Satnam Kaur, Mumbai*

**With best compliments from a wellwisher**

# ਸੁਰ ਲਿਪੀਆਂ

## ਪ੍ਰੋ. ਤਾਰਾ ਸਿੰਘ

ਰਾਗ ਆਸਾ

**ਵਾਦੀ** : ਮਧਿਅਮ **ਸੰਵਾਦੀ** : ਸ਼ੜਜ **ਜਾਤੀ** : ਔਡਵ-ਸੰਪੂਰਣ **ਸਮਾਂ** : ਸਵੇਰ, ਸ਼ਾਮ (ਰਾਤ ਦਾ ਅੰਤਿਮ ਪਹਰਿ)

**ਆਰੋਹ** : ਸਾ, ਰੇ ਮ, ਪ, ਧ ਸਾਂ। **ਅਵਰੋਹ** : ਸਾਂ ਨੀ ਧ, ਪ ਮ, ਗ ਰੇ, ਸਾ ਗਾ, ਰੇ ਗ ਸਾ।

**ਮੁੱਖ ਅੰਗ** : ਸਾ, ਰੇ ਮ ਪ ਧ, ਪ ਮ ਗ ਰੇ, ਸਾ ਗਾ, ਰੇ ਗਾ ਸਾ।

**ਤਾਲ : ਰੂਪਕ (ਮਾਤ੍ਰਾ - 7)**

| X | | | 2 | | 3 | | x | | | 2 | | 3 | |
|---|---|---|---|---|---|---|---|---|---|---|---|---|---|
| *ਸਥਾਈ :* | | | | | | | | | | | | | |
| ਰੇ | ਮ | - | ਪ | ਪ | ਧਨੀ | ਪਧ | ਸਾਂ | - | ਰੇਂ | ਸਾਂ | ਨੀ | ਧ | ਪ |
| ਰ | ਤੇ | s | ਇ | ਸ | ਕs | ਖੁs | ਦਾ | s | ਇ | ਰੰ | s | ਗ | ਦੀ |
| ਪ | ਧ | ਮ | ਪ | - | - | - | ਪ | ਪ | ਧ | ਨੀਧ | ਪਧ | ਨੀ | ਧ |
| ਦਾ | s | ਰ | ਕੇ | s | s | s | ਵਿ | ਸ | ਰਿ | ਆs | ss | ਜਿ | ਨੁ |
| ਪ | ਮ | ਮ | ਮ | ਪ | ਪ | ਪ | ਗ | ਰੇ | ਸਾ | ਸਾਗ | ਰੇਗ | ਸ | - |
| ਨਾ | s | ਮੁ | ਤੇ | s | ਭੁ | ਇ | ਭਾ | ਰੁ | ਥੀ | ਏs | ss | s | s |
| *ਅੰਤਰਾ :* | | | | | | | | | | | | | |
| ਸਾਂ | ਧ | ਮ | ਪ | - | ਧਨੀ | ਪਧ | ਸਾਂ | - | ਸਾਂ | ਰੇਂ | - | ਰੇਂ | - |
| ਦਿ | ਲਹੁ | ਮੁ | ਹ | s | ਬs | ਤਿs | ਜਿੰ | - | sਨ | ਸੇ | s | ਈ | s |
| ਸਾਂਗਾਂ | ਰੇਂਗਾਂ | ਗਾਂ | ਗਾਂ | ਸਾਂ | - | - | ਸਾਂਸਾਂ | ਸਾਂ | ਰੇਂ | ਸਾਂ | ਨੀ | ਧ | ਧ |
| ਸs | ss | ਚਿ | ਆ | s | s | s | ਜਿਨੁ | ਮ | ਨਿ | ਹੋ | ਰੁ | ਮੁ | ਖਿ |
| ਪ | ਧ | ਮ | ਮ | ਪ | ਪ | - | ਗ | ਰੇ | ਸਾ | ਸਾਗ | ਰੇਗ | ਸਾ | - |
| ਹੋ | ਰੁ | ਸਿ | ਕਾਂ | s | ਢੇ | s | ਕ | s | ਚਿ | ਆs | ss | s | s |


ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਇੱਕੋ- ਇੱਕ ਆਵਾਜ਼

**ਸਿੱਖ ਲੀਗ** (ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8
ਫੋਨ : 5707096

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** (ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ
ਪੂਸਾ ਰੋਡ, ਨਵੀਂ ਦਿੱਲੀ 110 060 ਫੋਨ: 5853955

*With compliments from*

**Kulvinder Singh**

Phone : (O) 3312440
Resi. : 5721753

**SAWHNEY CLOTH HOUSE**

46, Shankar Market, Connaught Circus, New Delhi - 110 001

| X | | | 0 | | | X | | | 0 | | |
|---|---|---|---|---|---|---|---|---|---|---|---|
| *ਸਥਾਈ :* | | | | | | | | | | | |
| ਸਾ | ਧ | ਧ | ਧ | ਧ | ਧ | ਨੀਧ | ਪਧ | ਨੀਧ | ਪ | ਮ | – |
| **ਗੋ** | **ਬਿੰ** | **ਦ** | **ਗੋ** | **ਬਿੰ** | **ਦ** | **ਗੋS** | **ਬਿੰS** | **ਦS** | **ਸੰ** | **ਗਿ** | **S** |
| ਰੇਮ | ਪਧ | ਪਧ | ਮ | ਗ | ਰੇ | ਸਾਗ | ਰੇਗ | ਗ | ਗ | ਸਾ | ਸ |
| **ਨਾS** | **SS** | **ਮS** | **ਦੇਉ** | **ਮ** | **ਨੁ** | **ਲੀS** | **SS** | **S** | **ਣਾ** | **S** | **S** |
| ਰੇ | ਮ | ਪ | ਧਨੀ | ਪ | ਧ | ਪਧ | ਸਾਂਸਾਂ | ਨੀ | ਸਾਂ | – | – |
| **ਆ** | **S** | **ਢ** | **ਦਾS** | **ਮ** | **ਕੋ** | **ਛੀS** | **SS** | **ਪ** | **ਰੋ** | **S** | **S** |
| ਸਾਂਰੇਂ | ਸਾਂਨੀ | ਧ | ਪਨੀ | ਧਪ | ਮ | ਮਧ | ਪਧ | ਮ | ਮਗ | ਰੇਗ | ਸ |
| **ਹੋS** | **SS** | **S** | **ਇਓ** | **SS** | **ਲਾ** | **ਖੀS** | **SS** | **S** | **ਣਾS** | **SS** | **S** |
| *ਅੰਤਰਾ :* | | | | | | | | | | | |
| ਮ | ਪ | ਪ | ਪਧ | ਨੀ | ਪਧ | ਸਾਂ | – | ਨੀ | ਸਾਂ | – | – |
| **ਬੁ** | **ਨ** | **ਨਾ** | **ਤS** | **ਨ** | **ਨਾS** | **ਤਿਆ** | **S** | **ਗਿ** | **ਕੈ** | **S** | **S** |
| ਪ | – | ਧ | ਸ਼ਾਂਸਾਂ | ਸਾਂ | ਰੇਂ | ਗਰੇਂ | ਸਾਂਰੇਂ | ਗਰੇਂ | ਸਾਂ | ਨੀ | ਧ |
| **ਪ੍ਰੀ** | **S** | **ਤਿ** | **ਚਰ** | **ਨ** | **ਕ** | **ਬੀS** | **SS** | **SS** | **ਰਾ** | **S** | **S** |
| ਸਾਂ | – | ਸਾਂ | ਨੀਸਾਂ | ਰੇਂਰੇਂ | ਨੀਧ | ਪ | ਧ | ਮ | ਪ | – | – |
| **ਨੀ** | **Sਚ** | **ਕੁ** | **ਲਾ** | **SS** | **ਜੋS** | **ਲਾ** | **SS** | **ਹ** | **ਰਾS** | **S** | **S** |
| ਪਧ | ਮ | ਪ | ਗ | ਗ | ਰੇ | ਸਾਗ | ਰੇਗ | ਗ | ਗ | ਸਾ | – |
| **ਭਇਓ** | **ਗੁ** | **ਨੀ** | **ਯ** | **S** | **ਗ** | **ਹੀS** | **SS** | **S** | **ਰਾ** | **S** | **S** |


## ਗੁਰਮੁਖ ਢੂਢ ਢੂਢੇਦਿਆਂ ( Free Matrimonial Service )

**SUITABLE** Service/Professional, non-drinker & non-trimmer match for a fair & slim Sikh girl (D.O.B. 17/06/1974, 5'-3"), BSc, Nursing. Working as a Staff Nurse (shift duty) PGI, drawing gross salary of Rs. 10,000 per month. Eldest amongst four Sisters. Father expired. Mother employed in PSB. Service class & local preferred **Contact :** Smt. Kuldeep Kaur, # 632, Phase: IV, Mohali Phone: 224758


## ਗੁਰਮਤਿ ਸੰਗੀਤ ਵਰਕਸ਼ਾਪ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸਰਪ੍ਰਸਤੀ ਅਧੀਨ ਖ਼ਾਲਸਾ ਕਾਲਜ, ਪਟਿਆਲਾ ਅਤੇ ਗੁਰਮਤਿ ਸੰਗੀਤ ਸਟੱਡੀ ਸਰਕਲ, ਪੰਜਾਬ ਦੇ ਸਹਿਯੋਗ ਨਾਲ ਉੱਤਰੀ ਭਾਰਤ ਦੇ ਵੱਖ-ਵੱਖ ਇਲਾਕਿਆਂ ਦੇ ਗੁਰਮਤਿ ਸੰਗੀਤ ਵਿਦਿਆਰਥੀਆਂ ਦੀ ਗੁਰਦੁਆਰਾ ਦੁਖਨਿਵਾਰਨ ਸਾਹਿਬ ਪਟਿਆਲਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਮੁੱਖ ਰਾਗਾਂ ਤੇ ਅਧਾਰਿਤ ਇੱਕ ਗੁਰਮਤਿ ਸੰਗੀਤ ਵਰਕਸ਼ਾਪ ਮਿਤੀ 1 ਅਤੇ 2 ਸਤੰਬਰ, 2000 ਨੂੰ ਲਗਾਈ ਗਈ। 3 ਸਤੰਬਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਇਹਨਾਂ ਵਿਦਿਆਰਥੀਆਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਮੁੱਖ ਰਾਗਾਂ ਦਾ ਤੰਤੀ ਸਾਜਾਂ ਨਾਲ ਪੂਰਨ ਗੁਰ ਮਰਿਯਾਦਾ ਸਹਿਤ ਗੁਰ ਸ਼ਬਦ ਕੀਰਤਨ ਸਮਾਗਮ ਸਜਾਇਆ ਗਿਆ।

Postal Regd. No. PB/0135/2000 RNI Regd. No. 46788/89 ISSN 0972-2335






**The Retail Banking Boutique gifts you the convenience of instant loan facilities at**

565, Railway Road, Gurgaon Ph.: 0124-334590
SCO 23-24-25, Sector 34-A, Chandigarh Ph.: 0172-669477
Cheema Chowk I.F.B., Ludhiana Ph.: 0161-653157, 653158
Katra Ahluwalia, Amritsar Ph.: 0183-532820
Civil Lines, Jalandhar Ph.: 0181-224453

**Car Loans ● Housing Loans**

**Personal Loans ● Consumer Loans**

***In the service of nation since 1865***

**ALLAHABAD BANK**

***A Tradition of Trust***

# "ALP - THE MARK OF QUALITY"

*A joint venture with Nishikawa Rubber Company of Japan*
*(World leading company in EPDM weathstrips)*



## QUALITY SEALS FOR GLOBAL MARKET

**Manufactuers of specialised EPDM rubber, sponge and flock products for the automotive original equipment and building markets**

*UNDER THE BRAND NAME OF ALP, WE MANUFACTURE*

- Flocked / PU Coated Glass Run Channels
- Celluar Profiles with Nylon Inserts
- PVC Trims
- Bus Body Building Profiles
- Windshield Rubber
- Co-extrubed Profiles / Trims
- PVC Sponge Seals
- Building Profiles

The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.

ALP

ANAND NISHIKAWA COMPANY LIMITED

**An ISO 9002 Company**
C- 10, Sector : 1, NOIDA (U.P.)
**Phone :** 0118 - 556528
**email :** anco.lalru@rmc.sprint.rpg.ems.vsnl.net.in
**Visit us at :** htto://wwwaindiannauto.com/alp